Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2

Vol 17 * Issue 237 Daily Newspaper Monday, December 10, 2018 Tel: 905-793-2202 Fax: 905-793-2282 news@punjabipost.ca

## ਪੰਜਾਬ ਦੇ ਮੰਤਰੀਆਂ ਨਾਲ ਮਿਲਣੀ ਅਤੇ ਸੰਗਤ-ਫ਼ਤਵੇ ਦੇ ਦਾਅਵੇ ਨਾਲ ਬਰਗਾੜੀ ਮੋਰਚਾ ਖਤਮ

ਜੈਤੋ, 9 ਦਸੰਬਰ, (ਪੋਸਟ ਬਿਊਰੋ)- ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਹੋਰ ਮਾਮਲਿਆਂ ਵਿੱਚ ਇਨਸਾਫ ਲੈਣ ਦੀ ਮੰਗ ਲਈ ਪਹਿਲੀ ਜੂਨ ਤੋਂ ਬਰਗਾੜੀ ਵਿੱਚ ਚੱਲ ਰਿਹਾ 'ਇਨਸਾਫ਼ ਮੋਰਚਾ' ਅੱਜ ਪੰਜਾਬ ਸਰਕਾਰ ਵੱਲੋਂ ਮੰਗਾਂ ਮੰਨ ਲੈਣ ਦੇ ਵਾਅਦੇ ਪਿੱਛੋਂ ਸਮਾਪਤ ਹੋ ਗਿਆ। ਪੰਜਾਬ ਸਰਕਾਰ ਦਾ ਸੁਨੇਹਾ ਲੈ ਕੇ ਪਹੁੰਚੇ ਦੋ ਮੰਤਰੀਆਂ ਤੇ ਮੋਰਚੇ ਨਾਲ ਜੁੜੇ ਹੋਏ ਆਗੂਆਂ ਨੇ ਆਪਣੀਆਂ ਤਕਰੀਰਾਂ ਰਾਹੀਂ ਮੰਗਾਂ ਇਹ ਮੰਨੇ ਜਾਣ ਦੀ ਪ੍ਰੋੜ੍ਹਤਾ ਕੀਤੀ। ਇਸ ਦੇ ਪਿੱਛੋਂ ਜਥੇਦਾਰ ਧਿਆਨ ਸਿੰਘ ਮੰਡ ਨੇ ਮੋਰਚੇ ਦੀ ਸਮਾਪਤੀ ਦਾ ਐਲਾਨ ਕਰ ਦਿੱਤਾ।




ਏਥੇ ਮੋਰਚਾ ਸਥਾਨ ਵਿਖੇ ਪਹੁੰਚੇ ਪੰਜਾਬ ਦੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਅੱਜ ਮੰਗਾਂ ਮੰਨਣ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਡੀ ਆਈ ਜੀ ਰਣਬੀਰ ਸਿੰਘ ਖੱਟੜਾ ਦੀ ਅਗਵਾਈ ਵਿੱਚ ਬਣੀ ਹੋਈ ਵਿਸ਼ੇਸ਼ ਜਾਂਚ ਟੀਮ 'ਸਿੱਟ' ਦੀ ਪੜਤਾਲ ਦੇ ਆਧਾਰ ਉੱਤੇ ਬੇਅਦਬੀ ਨਾਲ ਸਬੰਧਤ 23 ਦੋਸ਼ੀ ਫੜੇ ਗਏ ਹਨ। ਉਨ੍ਹਾਂ ਨੇ ਕਿਹਾ ਕਿ ਬਹਿਬਲ ਗੋਲੀ ਕਾਂਡ ਲਈ ਦੋਸ਼ੀ ਨਿਕਲਦੀ ਬਾਦਲਾਂ ਦੀ 'ਅਣਪਛਾਤੀ ਪੁਲੀਸ' ਉੱਤੇ ਕੇਸ ਦਰਜ ਕਰ ਕੇ ਦੋਸ਼ੀ ਪੁਲੀਸ ਅਫਸਰਾਂ ਨੂੰ ਨਾਮਜ਼ਦ ਕੀਤਾ ਗਿਆ ਤੇ ਸਜ਼ਾ ਪੂਰੀ ਕਰ ਚੁੱਕੇ ਸਿੱਖ ਕੈਦੀਆਂ ਵਿੱਚੋਂ ਇੱਕ ਨੂੰ ਰਿਹਾਅ ਕਰ ਕੇ ਬਾਕੀਆਂ ਲਈ ਦੂਸਰੇ ਰਾਜਾਂ ਨਾਲ ਸੰਪਰਕ ਵਾਸਤੇ ਅਗਲੇ ਵਿਧਾਨ ਸਭਾ ਸੈਸ਼ਨ ਵਿੱਚ ਠੋਸ ਕਾਨੂੰਨੀ ਕਾਰਵਾਈ ਉੱਤੇ ਅਮਲ ਹੋਵੇਗਾ।

ਪੰਜਾਬ ਦੇ ਪੰਚਾਇਤਾਂ ਬਾਰੇ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਮੰਤਰੀ ਸਾਥੀ ਸੁਖਜਿੰਦਰ ਸਿੰਘ ਰੰਧਾਵਾ ਦੇ ਐਲਾਨ ਦੀ ਪ੍ਰੋੜ੍ਹਤਾ ਕਰਦੇ ਵਕਤ ਇਸ ਪਿੰਡ ਬਰਗਾੜੀ ਦਾ ਨਾਮ 'ਬਰਗਾੜੀ ਸਾਹਿਬ' ਰੱਖਣ ਦਾ ਐਲਾਨ ਵੀ ਕਰ ਦਿੱਤਾ। ਉਨ੍ਹਾਂ ਕਿਹਾ ਕਿ ਲੋਕ ਬਾਦਲਾਂ ਨੂੰ ਬੂਟ ਪਾਲਸ਼ ਕਰਦੇ ਨਹੀਂ, ਜੇਲ੍ਹ 'ਚ ਤਾੜੇ ਹੋਏ ਵੇਖਣਾ ਚਾਹੁੰਦੇ ਹਨ। ਮੋਰਚਾ ਲਾਉਣ ਵਾਲਿਆਂ ਵੱਲੋਂ ਤਖ਼ਤ ਦਮਦਮਾ ਸਾਹਿਬ ਦੇ ਬਦਲਵੇਂ ਜਥੇਦਾਰ ਸੰਤ ਬਲਜੀਤ ਸਿੰਘ ਦਾਦੂਵਾਲ ਨੇ ਅੱਜ ਇਹ ਸਵਾਲ ਉਠਾਇਆ ਕਿ ਦੇਸ਼ ਵਿੱਚ ਆਮ ਨਾਗਰਿਕਾਂ ਅਤੇ ਪਹੁੰਚ ਵਾਲੇ ਲੋਕਾਂ ਲਈ ਕਾਨੂੰਨ ਵੱਖੋ-ਵੱਖਰੇ ਕਿਉਂ ਹਨ। ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਬਾਦਲ ਪਿਉ-ਪੁੱਤਰ ਤੇ ਸਾਬਕਾ ਪੁਲੀਸ ਮੁਖੀ ਸੁਮੇਧ ਸਿੰਘ ਸੈਣੀ ਨੂੰ ਗ੍ਰਿਫ਼ਤਾਰ ਕਰਨ ਲਈ ਕਿਹਾ। ...ਬਾਕੀ ਪੰਨਾ 4 'ਤੇ

## ਕਾਰਬਨ ਟੈਕਸ ਨੂੰ ਚੁਣੌਤੀ ਦੇਣ ਨਾਲ ਰੁਕਣਗੀਆਂ ਨਹੀਂ ਵਾਤਾਵਰਣ ਵਿੱਚ ਹੋਣ ਵਾਲੀਆਂ ਤਬਦੀਲੀਆਂ : ਲੀਬਲਾਂਕ

ਓਟਵਾ, 9 ਦਸੰਬਰ (ਪੋਸਟ ਬਿਊਰੋ) : ਕਈ ਪ੍ਰੋਵਿੰਸਾਂ ਵੱਲੋਂ ਫੈਡਰਲ ਸਰਕਾਰ ਦੇ ਕਾਰਬਨ ਟੈਕਸ ਨੂੰ ਅਦਾਲਤ ਵਿੱਚ ਚੁਣੌਤੀ ਦਿੱਤੀ ਜਾ ਰਹੀ ਹੈ ਪਰ ਇੰਟਰਪ੍ਰੋਵਿੰਸ਼ੀਅਲ ਮਾਮਲਿਆਂ ਦੀ ਨਿਗਰਾਨੀ ਕਰਨ ਵਾਲੇ ਫੈਡਰਲ ਮੰਤਰੀ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਕੀਤੀਆਂ ਜਾਣ ਵਾਲੀਆਂ ਕਾਨੂੰਨੀ ਚਾਰਾਜੋਈਆਂ ਨਾਲ ਕਲਾਈਮੇਟ ਚੇਂਜ ਰੁਕ ਨਹੀਂ ਸਕੇਗੀ। ਇੱਕ ਇੰਟਰਵਿਊ ਵਿੱਚ ਇੰਟਰਗਵਰਮੈਂਟਲ ਐਂਡ ਨੌਰਦਰਨ ਅਫੇਅਰਜ਼ ਐਂਡ ਇੰਟਰਨਲ ਟਰੇਡ ਮੰਤਰੀ ਡੌਮੀਨੀਕ ਲੀਬਲਾਂਕ ਨੇ ਆਖਿਆ ਕਿ ਕਾਲੇ ਰੰਗ ਦਾ ਗਾਊਨ ਪਾ ਕੇ ਵੱਡਾ ਸਾਰਾ ਬ੍ਰੀਫਕੇਸ ਲੈ ਕੇ ਅਦਾਲਤ ਵਿੱਚ ਜਾਣ ਨਾਲ



ਕਲਾਈਮੇਟ ਚੇਂਜ ਪਲੈਨ ਦਾ ਕੋਈ ਲੈਣਾ ਦੇਣਾ ਨਹੀਂ ਹੈ। ਉਨ੍ਹਾਂ ਆਖਿਆ ਕਿ ਉਨ੍ਹਾਂ ਕਦੇ ਵੀ ਕਿਸੇ ਵਿਗਿਆਨੀ ਨੂੰ ਇਹ ਕਹਿੰਦਿਆਂ ਨਹੀਂ ਸੁਣਿਆ ਕਿ ਸੱਭ ਤੋਂ ਅਹਿਮ ਗੱਲ ਇਹ ਹੈ ਕਿ ਅਸੀਂ ਕੋਰਟ ਆਫ ਅਪੀਲ ਵਿੱਚ ਪੇਸ਼ ਹੋਈਏ ਤੇ 90 ਮਿੰਟ ਤੱਕ ਬਹਿਸ ਕਰੀਏ। ...ਬਾਕੀ ਪੰਨਾ 6 'ਤੇ

### ਅੰਦਰ ਪੜ੍ਹੋ

ਦੂਸਰੇ ਦਿਨ ਵੀ ਅਕਾਲੀ ਆਗੂਆਂ ਨੇ ਸ੍ਰੀ ਹਰਮੰਦਰ ਸਾਹਿਬ ਹਾਜ਼ਰੀ ਭਰੀ



ਪੰਨਾ 3

ਕੈਪਟਨ ਨੇ ਕਰਤਾਰਪੁਰ ਲਾਂਘੇ ਪਿੱਛੇ ਪਾਕਿ ਫ਼ੌਜ ਦੀ ਸਾਜ਼ਿਸ਼ ਦੀ ਗੱਲ ਕਹੀ



ਪੰਨਾ 4

## ਮੁਜ਼ਾਹਰਿਆਂ ਨੂੰ ਰੋਕਣ ਤੇ ਠੋਸ ਮਾਪਦੰਡ ਅਪਣਾਉਣ ਵਾਸਤੇ ਮੈਕਰੌਨ ਉੱਤੇ ਦਬਾਅ ਵਧਿਆ

ਪੈਰਿਸ, 9 ਦਸੰਬਰ (ਪੋਸਟ ਬਿਊਰੋ) : ਦੇਸ਼ ਭਰ ਵਿੱਚ ਹੋ ਰਹੇ ਹਿੰਸਕ ਮੁਜ਼ਾਹਰਿਆਂ ਨੂੰ ਰੋਕਣ ਲਈ ਠੋਸ ਮਾਪਦੰਡ ਅਪਨਾਉਣ ਵਾਸਤੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੌਨ ਉੱਤੇ ਦਬਾਅ ਵੱਧ ਗਿਆ ਹੈ। ਸਾਰਾ ਦੇਸ਼ ਤੇ ਪੂਰੀ ਦੁਨੀਆ ਸੋਮਵਾਰ ਸ਼ਾਮ ਨੂੰ ਮੈਕਰੌਨ ਵੱਲੋਂ ਦਿੱਤੇ ਜਾਣ ਵਾਲੇ ਭਾਸ਼ਣ ਉੱਤੇ ਨਜ਼ਰਾਂ ਗੱਡੀ ਬੈਠੀ ਹੈ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਮੈਕਰੌਨ ਦੀ ਚੁੱਪੀ ਨੇ ਹੀ ਪੂਰੇ ਦੇਸ਼ ਤੇ ਸਰਕਾਰ ਨੂੰ ਹਿਲਾ ਕੇ ਰੱਖ ਦਿੱਤਾ ਹੈ।





ਇਹ ਵੀ ਪਤਾ ਲੱਗਿਆ ਹੈ ਕਿ ਮੈਕਰੌਨ ਦੀਆਂ ਨੀਤੀਆਂ ਤੇ ਅਮੀਰਾਂ ਦਾ ਪੱਖ ਪੂਰਨ ਦੀ ਉਨ੍ਹਾਂ ਦੀ ਕਥਿਤ ਫਿਤਰਤ ਕਾਰਨ ਹੀ ਵਧੇ ਹਿੰਸਕ ਮੁਜ਼ਾਹਰਿਆਂ ਨੂੰ ਰੋਕਣ ਤੇ ਸਥਿਤੀ ਉੱਤੇ ਕਾਬੂ ਪਾਉਣ ਲਈ ਕੋਈ ਠੋਸ ਰਣਨੀਤੀ ਲਿਆਉਣ ਵਾਸਤੇ ਮੈਕਰੌਨ ਸਵੇਰ ਵੇਲੇ ਕੌਮੀ ਤੇ ਲੋਕਲ ਅਧਿਕਾਰੀਆਂ ਨਾਲ ਸਲਾਹ ਮਸ਼ਵਰਾ ਕਰਨਗੇ। ਮੈਕਰੌਨ ਐਲਿਸੀ ਪੈਲੇਸ ਤੋਂ ਹੀ ਰਾਤੀਂ 8:00 ਵਜੇ ਜਨਤਾ ਨੂੰ ਸੰਬੋਧਨ ਕਰਨਗੇ। ...ਬਾਕੀ ਪੰਨਾ 6 'ਤੇ

ਕੀ ਤੁਸੀ ਕਾਕਰੋਚ, ਚੂਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

JOSHI LAW OFFICE
Barrister, Solicitor & Notary Public
E-mail : info@joshilawoffice.com
Immigration
Real Estate / Commercial Law
Affidavit / Power of Attorney
416-213-8600
Rakesh M. Joshi B.A., LL.B.
6921 Steels Ave. W. Unit 11, Etobicoke, ON

INSURANCE
HOME AUTO
BUSINESS TRUCKING
R.E.S.P COMMERCIAL
CONNEX Insurance Brokers Ltd
Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
Manwinder Mangat
416-845-1352
1332 Khalsa Dr, Unit # 11, Mississauga
Axxel Insurance Brokers Ltd.

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA
Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma
Open Saturday
Providing excellent quality legal services to our clients

GOEL TRAVEL
Low Rates
Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU
Insurance Advisor
416-557-8080
shevindersidhu@gmail.com
10-7003 Steeles Ave. West, Etobicoke

FREE Examination 5yrs follow you up
Help!
ਬਵਾਸੀਰ ਤੋਂ ਛੁਟਕਾਰਾ ਪਾਓ
Effective Treatments: Anal Eczema, Colities, Neurodermatitis, Eczema, Chloasma, Psoriasis, Herpes, Rosacea, Vitiligo, Acne & other common diseases
HEMORRHOIDS FISTULAS FISSURES
Company Insurance Accepted
NAITCM Applying Zhang's Herbal Formulas & Technics
N.A.I. TCM TREATMENT CENTRE
905 812 7778 www.naitcm.com
6655 Kitimat Rd. Suite 13, Mississauga, ON. L5N 6J4

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

SUPER VISA INSURANCE
VISITOR VISA INSURANCE
TRAVEL INSURANCE
STUDENT INSURANCE
NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana
416-910-9000
rana@punjabinsurance.ca
10-7003 Steeles Ave West, Etobicoke, ON M9W 0A2
Harpreet Rana
416-871-3571
harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre 25
Avon Financial Inc.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL
(Government Approved Licensed Technician)
416 938 4598

KELLEY LAW OFFICE
AREA OF PRACTICE
Immigration, Real Estate, Family Law, Business Closing, Corporate, Wills & Estate, Power of Attorney/Affidavit / Attestations
SHINDER KELLEY
Barrister, Solicitor & Notary Public
PH. : 905-362-0755
www.kelleylawoffice.ca
1200 Derry Road East Unit #15, Mississauga, ON L5T 0B3
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ ।

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋਂ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator
647.990.3205

MANN LAW FIRM
Real Estate Law, Business Law, Wills & Estates, Family Law, Power of Attorney, Civil Litigation, Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
Canadian National Forklift Safety Group
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
100% removal of all pests written Guarantee
Protect yourself & your family from the Pests
Ants, Bees, Bed Bugs, Beetles, Racoons,Cockroaches, Centipedes, Flea, Hornets,Squirrel, Rats & Mice, Silverfish, Spiders
Sanket (Govt Licensed Exterminator)
647-339-3926
UNMARKED VEHICLE AVAILABLE
Email: aristopest@gmail.com
www.aristopestcontrol.com

# NEED A LAWYER ??
# KAUR LAW OFFICE

Red Seal NOTARY



MANJEET KAUR
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization

**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



NU WAY TOUR & TRAVELS INC.

ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife

Call Us For Guaranteed Lowest Airfare
ANY Airline Time Destination Around the World

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com



SimConnect FREIGHT MANAGEMENT

# HIRING OWNER OPERATORS FOR LAREDO TX & MIDWEST LANES

ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ

Owner Operator up to 1.65 Per miles

Company Drivers :
Solo/Team : upto .65 Cents Per Mile



Sim Connect Freight Management

24 Hrs Dispatch

Ph: (905)915-1805/(905)799-8822
3380 Airway Dr Mississauga Ontario L4T1V3



ਮੂੰਹ ਬੋਲਦੀ ਦੀ Kitchen and Washroom ਬਣਵਾਓ

# Pearson Kitchen & Cabinet

Free Estimate
We Specialize in granite, quartz & marble countertops

We Specialize In:
100% Satisfaction On Time
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਬਹੁਤ ਘੱਟ ਰੇਟ ਤੇ ਸਮੇਂ ਸਿਰ ਕੰਮ

Call Vikramjit Sangha: 416-200-0931

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)



# ASIAN FOOD CENTRE



SERVING FROM 10 LOCATIONS IN ALL THE GTA AREA:

1. 621 Wanless drive unit 122 Brampton ON L7A 0A9 ............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109



## ਅੱਜ ਨਾਮਾ >>

ਬੋਲਣ ਲੱਗਾ ਸੀ ਖਾਨ ਇਮਰਾਨ ਸੁਣਿਆ,
ਸੱਚੀ ਨਿਕਲ ਗਈ ਓਸ ਤੋਂ ਬਾਤ ਮੀਆਂ।
ਕਹਿੰਦਾ, ਲੱਗਦੀ ਮੈਨੂੰ ਬਈ ਬਹੁਤ ਮਾੜੀ,
ਦਹਿਸ਼ਤਗਰਦਾਂ ਦੀ ਜੜੀ-ਜਮਾਤ ਮੀਆਂ।
ਸੁੱਕੀ ਛੱਡਣ ਨਾ ਨੁੱਕਰ ਸੰਸਾਰ ਦੀ ਇਹ,
ਟਿਕਾਣਾ ਬਦਲ ਕਰਦੇ ਖੁਰਾਫਾਤ ਮੀਆਂ।
ਮੁੰਬਈ ਵਿੱਚ ਜੋ ਵਰਤਿਆ ਕਹਿਰ ਹੈਸੀ,
ਲੁਕਵੀਂ ਰਹੀ ਨਹੀਂ ਸੀ ਵਾਰਦਾਤ ਮੀਆਂ।
ਕਹਿੰਦਾ ਖਾਨ, ਕਿ ਗਏ ਸਨ ਪਾਕਿ ਵਿੱਚੋਂ,
ਦਿਤਾ ਜਿਨ੍ਹਾਂ ਇਹ ਕਹਿਰ ਗੁਜ਼ਾਰ ਮੀਆਂ।
ਆਖਿਆ ਫੇਰ ਨਹੀਂ ਕਿ ਪਿੱਛੇ ਕਾਤਲਾਂ ਦੇ,
ਚੱਲਦੀ ਚਾਲ ਖੁਦ ਪਾਕਿ ਸਰਕਾਰ ਮੀਆਂ।

**ਤੀਸ ਮਾਰ ਖਾਂ**

# ਮਿਸੀਸਾਗਾ ਦੇ 14 ਸਾਲਾ ਲੜਕੇ ਦੇ ਕਤਲ ਦੇ ਸਬੰਧ ਵਿੱਚ ਦੋ ਭਰਾ ਗ੍ਰਿਫਤਾਰ

ਮਿਸੀਸਾਗਾ, 9 ਦਸੰਬਰ (ਪੋਸਟ ਬਿਊਰੋ) : ਮਿਸੀਸਾਗਾ ਵਿੱਚ 14 ਸਾਲਾ ਲੜਕੇ ਦੇ ਕਤਲ ਦੇ ਸਬੰਧ ਵਿੱਚ ਪੁਲਿਸ ਨੇ ਦੋ ਭਰਾਵਾਂ ਨੂੰ ਗ੍ਰਿਫਤਾਰ ਕੀਤਾ ਹੈ।

ਪੁਲਿਸ ਵੱਲੋਂ ਮ੍ਰਿਤਕ ਦੀ ਪਛਾਣ ਰਾਇਲੀ ਡਰਾਈਵਰ ਮਾਰਟਿਨ ਵਜੋਂ ਕੀਤੀ ਗਈ ਹੈ। ਉਸ ਦੀ ਲਾਸ਼ ਸੱਭ ਤੋਂ ਪਹਿਲਾਂ ਸ਼ੁੱਕਰਵਾਰ ਸਵੇਰੇ 8:00 ਵਜੇ ਟਰਸਕੌਟ ਡਰਾਈਵ ਤੇ ਸਾਊਥਡਾਊਨ ਰੋਡ ਨੇੜੇ ਮੀਡੋਅ ਪਾਰਕ ਦੇ ਨਾਲ ਲੱਗਦੀ ਲੇਨਵੇਅ ਉੱਤੇ ਇੱਕ ਰਾਹਗੀਰ ਵੱਲੋਂ ਵੇਖੀ ਗਈ। ਸ਼ਨਿੱਚਰਵਾਰ ਸਵੇਰੇ ਜਾਰੀ ਕੀਤੀ ਗਈ ਇੱਕ ਨਿਊਜ਼ ਰਲੀਜ਼ ਵਿੱਚ ਪੁਲਿਸ ਨੇ ਆਖਿਆ ਕਿ 20 ਸਾਲਾ ਨਿਕੋਲਸ ਮਹਾਬੀਰ ਨੂੰ ਇਸ ਸਬੰਧ ਵਿੱਚ ਸ਼ੁੱਕਰਵਾਰ ਰਾਤ ਨੂੰ ਗ੍ਰਿਫਤਾਰ ਕੀਤਾ ਗਿਆ ਤੇ ਉਸ ਨੂੰ ਸੈਕਿੰਡ ਡਿਗਰੀ ਮਰਡਰ ਦੇ ਦੋਸ਼ ਵਿੱਚ



ਚਾਰਜ ਕੀਤਾ ਗਿਆ।

ਸ਼ਨਿੱਚਰਵਾਰ ਸਵੇਰੇ ਉਸ ਨੂੰ ਓਨਟਾਰੀਓ ਕੋਰਟ ਆਫ ਜਸਟਿਸ ਸਾਹਮਣੇ ਪੇਸ਼ ਕੀਤਾ ਗਿਆ ਜਿੱਥੇ ਉਸ ਨੂੰ ਬੁੱਧਵਾਰ ਨੂੰ ਹੋਣ ਵਾਲੀ ਅਦਾਲਤ ਵਿਚਲੀ ਪੇਸ਼ੀ ਤੱਕ ਹਿਰਾਸਤ ਵਿੱਚ ਰੱਖਿਆ ਜਾਵੇਗਾ। ਸ਼ਨਿੱਚਰਵਾਰ ਨੂੰ ਹੀ ਪੁਲਿਸ ਨੇ ਮਹਾਬੀਰ ਦੇ 20 ਸਾਲਾ ਭਰਾ ਮਾਰਕ ਮਹਾਬੀਰ ਨੂੰ ਵੀ ਗ੍ਰਿਫਤਾਰ ਕਰਨ ਲਈ ਉਸ ਦਾ ਵਾਰੰਟ ਕਢਵਾ ਲਿਆ ਸੀ। ਉਸ ਦੀ ਵੀ ਸੈਕਿੰਡ ਡਿਗਰੀ ਮਰਡਰ ਲਈ ਭਾਲ ਕੀਤੀ ਜਾ ਰਹੀ ਸੀ। ਪੀਲ ਪੁਲਿਸ ਸਾਹਮਣੇ ਆਤਮ-ਸਮਰਪਣ ਕਰਨ ਮਗਰੋਂ ਸ਼ਨਿੱਚਰਵਾਰ ਰਾਤ ਨੂੰ ਉਸ ਨੂੰ ਵੀ ਹਿਰਾਸਤ ਵਿੱਚ ਲੈ ਲਿਆ ਗਿਆ।

ਮਾਰਕ ਮਹਾਬੀਰ ਨੂੰ ਐਤਵਾਰ ਨੂੰ ਬਰੈਂਪਟਨ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਪੁਲਿਸ ਵੱਲੋਂ ਮੌਤ ਦੇ ਕਾਰਨਾਂ ਬਾਰੇ ਅਜੇ ਤੱਕ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ ਪਰ ਪੁਲਿਸ ਦਾ ਕਹਿਣਾ ਹੈ ਕਿ ਮ੍ਰਿਤਕ ਦੀ ਮੌਤ ਜ਼ਖ਼ਮਾਂ ਕਾਰਨ ਹੋਈ ਹੋ ਸਕਦੀ ਹੈ। ਮੌਤ ਦੇ ਕਾਰਨਾਂ ਦਾ ਪਤਾ ਪੋਸਟ ਮਾਰਟਮ ਤੋਂ ਹੀ ਲੱਗੇਗਾ। ਅਜੇ ਵੀ ਇਸ ਮਾਮਲੇ ਦੀ ਜਾਂਚ ਚੱਲ ਰਹੀ ਹੈ।

# ਹੈਮਿਲਟਨ ਦੇ ਟੀਨੇਜਰ ਦੇ ਕਤਲ ਲਈ 18 ਸਾਲਾ ਵਿਅਕਤੀ ਚਾਰਜ

ਹੈਮਿਲਟਨ, 9 ਦਸੰਬਰ (ਪੋਸਟ ਬਿਊਰੋ) : ਹੈਮਿਲਟਨ ਦੇ ਇੱਕ ਟੀਨੇਜਰ ਨੂੰ ਚਾਕੂ ਮਾਰ ਕੇ ਮੌਤ ਦੇ ਘਾਟ ਉਤਾਰਨ ਵਾਲੇ 18 ਸਾਲਾ ਵਿਅਕਤੀ ਨੂੰ ਪੁਲਿਸ ਵੱਲੋਂ ਚਾਰਜ ਕੀਤਾ ਗਿਆ ਹੈ।

ਜਾਂਚਕਾਰਾਂ ਦਾ ਕਹਿਣਾ ਹੈ ਕਿ ਸ਼ੁੱਕਰਵਾਰ ਨੂੰ ਉਨ੍ਹਾਂ ਨੂੰ ਦੁਪਹਿਰ ਦੇ 4:30 ਵਜੇ ਪਲਾਜ਼ਾ ਸੱਦਿਆ ਗਿਆ ਜਿੱਥੇ ਉਨ੍ਹਾਂ ਪਾਇਆ ਕਿ ਇੱਕ 17 ਸਾਲਾ ਨੌਜਵਾਨ ਦੀ ਛਾਤੀ ਦੇ ਉੱਪਰੀ ਹਿੱਸੇ ਵਿੱਚ ਗੰਭੀਰ ਜ਼ਖ਼ਮ ਹੈ ਤੇ 18 ਸਾਲਾ ਵਿਅਕਤੀ ਵੀ ਉੱਥੇ ਹੀ ਮੌਜੂਦ ਸੀ ਤੇ ਉਸ ਦੇ ਸ਼ਰੀਰ ਦੇ ਉੱਪਰੀ ਹਿੱਸੇ ਵਿੱਚ ਚਾਕੂ ਨਾਲ ਕੀਤੇ ਗਏ ਵਾਰਾਂ ਦੇ ਮਾਮੂਲੀ ਜ਼ਖ਼ਮ ਸਨ। ਪੁਲਿਸ ਨੇ ਦੱਸਿਆ ਕਿ ਦੋਵਾਂ ਵਿਅਕਤੀਆਂ ਨੂੰ ਫੌਰਨ ਹਸਪਤਾਲ ਲਿਜਾਇਆ ਗਿਆ, ਜਿੱਥੇ 17 ਸਾਲਾ ਲੜਕੇ ਦੀ ਮੌਤ ਹੋ ਗਈ ਤੇ ਦੂਜੇ ਦੇ ਜ਼ਖ਼ਮਾਂ ਦਾ ਇਲਾਜ ਕੀਤਾ ਗਿਆ। ਮ੍ਰਿਤਕ ਦੀ ਪਛਾਣ ਜੋਸੂਆ ਲੀਓ ਵਜੋਂ ਕੀਤੀ ਗਈ ਹੈ। ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਸ਼ਨਿੱਚਰਵਾਰ ਨੂੰ ਘਰ ਦੀ ਤਲਾਸ਼ੀ ਵੀ ਲਈ ਤੇ ਅਜਿਹੇ ਵਿਅਕਤੀ ਦੀ ਸ਼ਨਾਖ਼ਤ ਵੀ ਕੀਤੀ ਜਿਹੜਾ ਦੋਵਾਂ ਮਸ਼ਕੂਕਾਂ ਨੂੰ ਕਥਿਤ ਤੌਰ ਉੱਤੇ ਮੌਕੇ ਤੋਂ ਦੂਰ ਵੀ ਛੱਡ ਕੇ ਆਇਆ। ਪਰ ਇਸ ਵਿਅਕਤੀ ਖਿਲਾਫ ਕੋਈ ਚਾਰਜ ਨਹੀਂ ਹਨ। ਪੁਲਿਸ ਨੇ ਇਹ ਵੀ ਦੱਸਿਆ ਕਿ 18 ਸਾਲਾ ਲੜਕੇ ਨੇ ਸ਼ਨਿੱਚਰਵਾਰ ਨੂੰ ਆਤਮ-ਸਮਰਪਣ ਕਰ ਦਿੱਤਾ ਤੇ ਉਸ ਖਿਲਾਫ ਚਾਕੂ ਨਾਲ ਵਿਅਕਤੀ ਦਾ ਕਤਲ ਕਰਨ ਤੇ ਹਥਿਆਰ ਨਾਲ ਹਮਲਾ ਕਰਨ ਦੇ ਦੋਸ਼ ਲਾਏ ਗਏ ਹਨ। ਜਾਂਚਕਾਰ ਅਜੇ ਵੀ ਦੂਜੇ ਮਸ਼ਕੂਕ ਦੀ ਭਾਲ ਕਰ ਰਹੇ ਹਨ।

# ਡਾਕਟਰਾਂ ਵੱਲੋਂ ਅਮਰਿੰਦਰ ਸਿੰਘ ਨੂੰ ਦੋ ਦਿਨ ਆਰਾਮ ਦੀ ਸਲਾਹ

ਚੰਡੀਗੜ੍ਹ, 9 ਦਸੰਬਰ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਾਇਰਲ ਬੁਖਾਰ ਹੋਣ ਕਰਕੇ ਅੱਜ ਐਤਵਾਰ ਨੂੰ ਪੀ ਜੀ ਆਈ 'ਚ ਕੁਝ ਟੈਸਟ ਕਰਵਾਏ ਅਤੇ ਡਾਕਟਰਾਂ ਨੇ ਉਨ੍ਹਾਂ ਨੂੰ ਦੋ ਦਿਨ ਆਰਾਮ ਕਰਨ ਦੀ ਸਲਾਹ ਦਿੱਤੀ ਹੈ। ਪਿਛਲੇ ਹਫਤੇ ਵਾਇਰਲ ਬੁਖਾਰ ਹੋਣ ਤੋਂ ਬਾਅਦ ਉਨ੍ਹਾਂ ਪੀ ਜੀ ਆਈ ਵਿੱਚ ਇਹ ਟੈਸਟ ਦੂਜੀ ਵਾਰ ਕਰਵਾਏ ਹਨ। ਪੀ ਜੀ ਆਈ ਦੇ ਡਾਕਟਰਾਂ ਅਨੁਸਾਰ ਸਾਰੇ ਟੈਸਟ ਠੀਕ ਹਨ ਅਤੇ ਮੁੱਖ ਮੰਤਰੀ ਨੂੰ ਵਾਇਰਲ ਬੁਖਾਰ ਦੀ ਵਜ੍ਹਾ ਕਾਰਨ ਮਾਮੂਲੀ ਕਮਜ਼ੋਰੀ ਹੈ।

ਡਾਕਟਰਾਂ ਦੇ ਦੱਸਣ ਅਨੁਸਾਰ ਮੁੱਖ ਮੰਤਰੀ ਦੇ ਟੈਸਟ ਦੀਆਂ ਰਿਪੋਰਟਾਂ ਠੀਕ ਹਨ। ਫਿਰ ਵੀ ਉਨ੍ਹਾਂ ਮੁੱਖ ਮੰਤਰੀ ਨੂੰ 48 ਘੰਟੇ ਲਈ ਆਰਾਮ ਦੀ ਸਲਾਹ ਦਿੱਤੀ ਹੈ। ਇਸ ਕਰਕੇ ਉਹ ਕੁਝ ਰੁਝੇਵਿਆਂ ਵਿੱਚ ਸ਼ਾਮਲ ਨਹੀਂ ਹੋ ਸਕਣਗੇ।

# ਅਖੰਡ ਪਾਠ ਦੇ ਦੂਸਰੇ ਦਿਨ ਵੀ ਅਕਾਲੀ ਆਗੂਆਂ ਨੇ ਸ੍ਰੀ ਹਰਮੰਦਰ ਸਾਹਿਬ ਹਾਜ਼ਰੀ ਭਰੀ

*** ਬਾਦਲ ਦਲ ਦੇ ਆਗੂਆਂ ਵੱਲੋਂ ਭੁੱਲਾਂ ਬਖਸ਼ਾਉਣ ਲਈ ਸੇਵਾ ਜਾਰੀ**

ਅੰਮ੍ਰਿਤਸਰ, 9 ਦਸੰਬਰ, (ਪੋਸਟ ਬਿਊਰੋ)- ਅਕਾਲੀ-ਭਾਜਪਾ ਗਠਜੋੜ ਦੀ ਸਰਕਾਰ ਵੇਲੇ ਹੋਈਆਂ ਗਲਤੀਆਂ ਦੀ ਖਿਮਾ ਮੰਗਣ ਲਈ ਬਾਦਲ ਅਕਾਲੀ ਦਲ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਰਖਵਾਏ ਅਖੰਡ ਪਾਠ ਦੇ ਦੂਸਰੇ ਦਿਨ ਅੱਜ ਫਿਰ ਬਾਦਲ ਪਰਿਵਾਰ ਅਤੇ ਹੋਰ ਅਕਾਲੀ ਆਗੂਆਂ ਨੇ ਹਾਜ਼ਰੀ ਭਰੀ ਅਤੇ ਵੱਖ-ਵੱਖ ਥਾਵਾਂ ਉੱਤੇ ਸੇਵਾ ਵਿਚ ਹਿੱਸਾ ਲਿਆ। ਅੱਜ ਦੂਸਰੇ ਦਿਨ ਅਕਾਲੀ ਆਗੂ ਅਖੰਡ ਪਾਠ ਦੀ ਮੱਧ ਵਾਲੀ ਅਰਦਾਸ ਵਿਚ ਵੀ ਸ਼ਾਮਲ ਹੋਏ। ਇਸ ਤੋਂ ਪਹਿਲਾਂ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਤੇ ਹਰਸਿਮਰਤ ਕੌਰ ਬਾਦਲ ਅਤੇ ਹੋਰਨਾਂ ਨੇ ਲੰਗਰ ਘਰ ਅਤੇ ਜੋੜਾ ਘਰ ਵਿਚ ਸੇਵਾ ਕੀਤੀ। ਉਨ੍ਹਾਂ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਬਿਕਰਮ ਸਿੰਘ ਮਜੀਠੀਆ, ਡਾ. ਦਲਜੀਤ ਸਿੰਘ ਚੀਮਾ, ਜਗੀਰ ਕੌਰ ਤੇ ਹੋਰ ਅਕਾਲੀ ਆਗੂ ਵੀ ਸਨ।

ਵਰਨਣ ਯੋਗ ਹੈ ਕਿ ਅਕਾਲੀ ਲੀਡਰਸ਼ਿਪ ਨੇ ਸ਼ਨੀਵਾਰ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਅਕਾਲ ਤਖ਼ਤ ਸਾਹਿਬ ਦੇ ਨੇੜੇ ਗੁਰਦ-ਆਰਾ ਬਾਬਾ ਗੁਰਬਖਸ਼ ਸਿੰਘ ਵਿਖੇ ਅਖੰਡ ਪਾਠ ਅਰੰਭ ਕਰਾਇਆ ਅਤੇ ਅਕਾਲੀ ਮੁੱਖ ਮੰਤਰੀ ਦੀ ਅਗਵਾਈ ਹੇਠ ਅਕਾਲੀ-ਭਾਜਪਾ ਦੇ ਦਸ ਸਾਲਾ ਰਾਜ ਵੇਲੇ ਹੋਈਆਂ ਭੁੱਲਾਂ ਦੀ ਖ਼ਿਮਾ





ਯਾਚਨਾ ਲਈ ਕਾਰ ਸੇਵਾ ਸ਼ੁਰੂ ਕੀਤੀ ਸੀ। ਇਸ ਮੌਕੇ ਬਾਦਲ ਪਰਿਵਾਰ ਦੇ ਨਾਲ ਅਕਾਲੀ ਦਲ ਕੋਰ ਕਮੇਟੀ ਦੇ ਮੈਂਬਰਾਂ, ਵਿਧਾਇਕਾਂ, ਸਾਬਕਾ ਮੰਤਰੀਆਂ, ਜ਼ਿਲ੍ਹਾ ਪ੍ਰਧਾਨਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਈ ਮੈਂਬਰਾਂ ਨੇ ਸੇਵਾ ਕੀਤੀ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਮੇਤ ਕਈ ਆਗੂਆਂ ਨੇ ਜੋੜਾ ਘਰ ਵਿਚ ਸੰਗਤਾਂ ਦੇ ਜੋੜੇ ਸਾਫ ਕੀਤੇ ਅਤੇ ਲੰਗਰ ਘਰ ਦੀ ਸੇਵਾ ਕਰ ਕੇ ਕੀਰਤਨ ਸਰਵਣ ਕੀਤਾ।

ਵਰਨਣ ਯੋਗ ਹੈ ਕਿ ਇਹ ਭੁੱਲਾਂ-ਬਖਸ਼ਾਊ ਸੇਵਾ ਸ਼ੁਰੂ ਕਰਨ ਵਾਲੇ ਦਿਨ ਸ਼ਨੀਵਾਰ ਨੂੰ ਪ੍ਰਕਾਸ਼ ਸਿੰਘ ਬਾਦਲ ਦਾ 91ਵਾਂ ਜਨਮ ਦਿਨ ਸੀ ਅਤੇ ਇਸੇ ਦਿਨ ਅਕਾਲੀ ਦਲ ਵਲੋਂ ਖ਼ਿਮਾ ਯਾਚਨਾ ਲਈ ਰੱਖਵਾਏ ਅਖੰਡ ਪਾਠ ਦੀ ਆਰੰਭਤਾ ਦੀ ਅਰਦਾਸ ਮੌਕੇ ਅਰਦਾਸੀਏ ਸਿੰਘ ਨੇ ਅਕਾਲੀ ਆਗੂਆਂ ਤੋਂ ਬੀਤੇ ਸਮੇਂ ਵਿਚ ਜਾਣੇ-ਅਣਜਾਣੇ ਹੋਈਆਂ ਭੁੱਲਾਂ ਲਈ ਖ਼ਿਮਾ ਯਾਚਨਾ ਦਾ ਜ਼ਿਕਰ ਕੀਤਾ ਸੀ। ਆਰੰਭਤਾ ਪਿੱਛੋਂ ਮੀਡੀਆ ਨਾਲ ਸੰਖੇਪ ਗੱਲਬਾਤ ਵਿੱਚ ਸਾਬਕਾ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਸੀ ਕਿ ਉਹ ਸਮੁੱਚੀ ਪਾਰਟੀ ਵੱਲੋਂ ਰਾਜ-ਕਾਲ ਵੇਲੇ ਹੋਈਆਂ ਭੁੱਲਾਂ ਦੀ ਖ਼ਿਮਾ ਯਾਚਨਾ ਲਈ ਆਏ ਹਨ। ਵਿਰੋਧੀਆਂ ਵਲੋਂ ਇਸ ਬਾਰੇ ਕੀਤੇ ਗਏ ਪ੍ਰਚਾਰ ਬਾਰੇ ਕੁਝ ਕਹਿਣ ਤੋਂ ਨਾਂਹ ਕਰ ਕੇ ਉਨ੍ਹਾ ਨੇ ਕਿਹਾ ਕਿ ਅੱਜ ਉਹ ਕੁਝ ਨਹੀਂ ਕਹਿਣਗੇ, ਅਖੰਡ ਪਾਠ ਦੇ ਭੋਗ ਪਿੱਛੋਂ ਸਵਾਲਾਂ ਦੇ ਜਵਾਬ ਦੇਣਗੇ। ਪਾਰਲੀਮੈਂਟ ਮੈਂਬਰ ਰਣਜੀਤ ਸਿੰਘ ਬ੍ਰਹਮਪੁਰਾ, ਡਾ. ਰਤਨ ਸਿੰਘ ਅਜਨਾਲਾ, ਸੇਵਾ ਸਿੰਘ ਸੇਖਵਾਂ ਨੂੰ ਪਾਰਟੀ ਵਿਚ ਮੁੜ ਲੈਣ ਬਾਰੇ ਸਾਬਕਾ ਮੁੱਖ ਮੰਤਰੀ ਬਾਦਲ ਨੇ ਕਿਹਾ ਕਿ ਉਨ੍ਹਾਂ ਨੇ ਕਿਸੇ ਨੂੰ ਕੁਝ ਨਹੀਂ ਕਿਹਾ, ਸਭ ਨੂੰ ਚਾਹੀਦਾ ਹੈ ਕਿ ਪਾਰਟੀ ਵਿਚ ਆਉਣ ਤੇ ਪਹਿਲਾਂ ਵਾਂਗ ਸੇਵਾ ਕਰਨ। ਉਨ੍ਹਾਂ ਅਸਿੱਧੇ ਢੰਗ ਨਾਲ ਪਾਰਟੀ ਤੋਂ ਵੱਖ ਕੀਤੇ ਆਗੂਆਂ ਨੂੰ ਮੁੜ ਪਾਰਟੀ ਵਿਚ ਸ਼ਾਮਲ ਹੋਣ ਲਈ ਵੀ ਕਹਿ ਦਿੱਤਾ।

# ਹਲਵਾਰਾ ਵਿਖੇ ਅੰਤਰਰਾਸ਼ਟਰੀ ਸਿਵਲ ਟਰਮੀਨਲ ਦੀ ਸਥਾਪਨਾ ਨੂੰ ਹਰੀ ਝੰਡੀ ਦੇਣ ਦਾ ਬਿੱਟੂ ਵੱਲੋਂ ਸਵਾਗਤ

ਲੁਧਿਆਣਾ, 9 ਦਸੰਬਰ (ਗਿਆਨ ਸਿੰਘ) ਸੂਬੇ ਵਿਚ ਉਦਯੋਗਿਕ ਅਤੇ ਆਰਥਿਕ ਗਤੀਵਿਧੀਆਂ ਹੋਰ ਹੁਲਾਰਾ ਦੇਣ ਲਈ ਪੰਜਾਬ ਮੰਤਰੀ ਮੰਡਲ ਨੇ ਜ਼ਿਲ੍ਹਾ ਲੁਧਿਆਣਾ ਦੇ ਇੰਡੀਅਨ ਏਅਰ ਫੋਰਸ ਸਟੇਸ਼ਨ ਹਲਵਾਰਾ ਵਿਖੇ ਨਵਾਂ ਅੰਤਰਰਾਸ਼ਟਰੀ ਸਿਵਲ ਹਵਾਈ ਟਰਮੀਨਲ ਸਥਾਪਤ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ। ਪੰਜਾਬ ਸਰਕਾਰ ਦੇ ਇਸ ਫੈਸਲੇ ਦਾ ਲੁਧਿਆਣਾ ਤੋਂ ਸੰਸਦ ਮੈਂਬਰ ਸ਼੍ਰ. ਰਵਨੀਤ ਸਿੰਘ ਬਿੱਟੂ ਨੇ ਭਰਵਾਂ ਸਵਾਗਤ ਕੀਤਾ ਹੈ।

ਸ਼੍ਰ. ਬਿੱਟੂ ਨੇ ਕਿਹਾ ਕਿ ਇਸ ਫੈਸਲੇ ਨਾਲ ਸੂਬੇ ਦੀ ਖਾਸ ਕਰਕੇ ਸਨਅਤੀ ਜ਼ਿਲ੍ਹਾ ਲੁਧਿਆਣਾ ਵਾਸੀਆਂ ਦੀ ਚਿਰੋਕਣੀ ਮੰਗ ਪੂਰੀ ਹੋ ਗਈ, ਜਿਸ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ (ਸ਼੍ਰ. ਬਿੱਟੂ) ਨੇ ਕਈ ਵਾਰ ਕੇਂਦਰ ਸਰਕਾਰ ਕੋਲ ਉਠਾਇਆ ਸੀ। ਉਨ੍ਹਾਂ ਕਿਹਾ ਕਿ ਇਸ ਪ੍ਰਾਜੈਕਟ ਦਾ ਨਿਰਮਾਣ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੇ ਆਰਥਿਕ ਵਿਕਾਸ, ਵਪਾਰ ਅਤੇ ਉਦਯੋਗਿਕ ਹੱਬ ਲੁਧਿਆਣਾ ਅਤੇ ਇਸ ਦੇ ਆਸ-ਪਾਸ ਦੇ ਇਲਾਕੇ ਨੂੰ ਇਕ ਨਵੀਂ ਬੁਲੰਦੀ ਵੱਲ ਲੈ ਕੇ ਜਾਵੇਗਾ।

ਲੁਧਿਆਣਾ, ਪੰਜਾਬ ਦਾ ਸਭ ਤੋਂ ਵੱਡਾ ਉਦਯੋਗਿਕ ਅਤੇ ਕਾਰੋਬਾਰ ਵਾਲਾ ਸ਼ਹਿਰ ਹੈ ਜਿਸ ਦੀ ਆਬਾਦੀ ਲਗਪਗ 20 ਲੱਖ ਹੈ। ਇਸ ਵੇਲੇ ਇੱਥੇ ਇਕ ਛੋਟਾ ਜਿਹਾ ਏਅਰਪੋਰਟ ਸਾਹਨੇਵਾਲ ਵਿਖੇ ਚੱਲ ਰਿਹਾ ਹੈ ਜਿਸ ਨੂੰ ਏ.ਏ.ਆਈ. ਦੁਆਰਾ ਚਲਾਇਆ ਜਾਂਦਾ ਹੈ ਅਤੇ ਇੱਥੇ ਖੇਤਰੀ ਸੰਪਰਕ ਸਕੀਮ-ਉਡਾਨ ਤਹਿਤ ਸਿਰਫ ਦਿੱਲੀ ਨੂੰ ਉਡਾਨਾਂ ਭਰੀਆਂ ਜਾਂਦੀਆਂ ਹਨ। ਲੁਧਿਆਣਾ ਸ਼ਹਿਰ, ਪੰਜਾਬ ਦੇ ਕੇਂਦਰ ਵਿੱਚ ਸਥਿਤ ਹੋਣ ਕਾਰਨ ਕਾਫੀ ਮਹੱਤਤਾ ਰੱਖਦਾ ਹੈ।

ਦੱਸਣਯੋਗ ਹੈ ਕਿ ਮੌਜੂਦਾ ਏਅਰਪੋਰਟ ਦੇ ਰਨਵੇ ਦੀ ਲੰਬਾਈ ਸੀਮਿਤ ਹੋਣ ਕਾਰਨ ਇੱਥੇ ਸਿਰਫ ਛੋਟੇ ਜਹਾਜ਼ ਹੀ ਉਡਾਨ ਭਰ ਸਕਦੇ ਹਨ ਜਿਸ ਕਰਕੇ ਹਵਾਈ ਸੰਪਰਕ ਬਹੁਤ ਸੀਮਿਤ ਹੈ। ਇਸ ਤੋਂ ਇਲਾਵਾ ਮੌਜੂਦਾ ਏਅਰਪੋਰਟ ਦੇ ਆਲੇ-ਦੁਆਲੇ ਸ਼ਹਿਰ ਦਾ ਕਾਫੀ ਵਿਕਾਸ ਹੋ ਜਾਣ ਕਰਕੇ ਸਾਹਨੇਵਾਲ ਵਿਖੇ ਮੌਜੂਦਾ ਹਵਾਈ ਅੱਡੇ ਦਾ ਵਿਸਤਾਰ ਕਰਨ ਲਈ ਹੋਰ ਜ਼ਮੀਨ ਐਕੁਵਾਇਰ ਕਰਨਾ ਸੰਭਵ ਨਹੀਂ ਹੈ। ਲੁਧਿਆਣਾ, ਮਹੱਤਵਪੂਰਨ ਉਦਯੋਗਿਕ ਜ਼ੋਨ ਹੈ ਜਿੱਥੋਂ ਹਵਾਈ ਟਰੈਫਿਕ ਵਧਣ ਨਾਲ ਬਰਾਮਦ ਵਿੱਚ ਕਾਫੀ ਵਾਧਾ ਹੋ ਸਕਦਾ ਹੈ।

ਬਿੱਟੂ ਨੇ ਕਿਹਾ ਕਿ ਇਸ ਸਿਵਲ ਟਰਮੀਨਲ ਦਾ ਨਿਰਮਾਣ ਸਾਂਝੇ ਤੌਰ 'ਤੇ ਏਅਰਪੋਰਟਸ ਅਥਾਰਟੀ ਆਫ਼ ਇੰਡੀਆ ਅਤੇ ਪੰਜਾਬ ਸਰਕਾਰ ਵੱਲੋਂ ਇਸ ਮੰਤਵ ਲਈ ਗਠਿਤ ਕੀਤੀ ਜੁਆਇੰਟ ਵੈਂਚਰ ਕੰਪਨੀ (ਜੇ.ਵੀ.ਸੀ.) ਰਾਹੀਂ ਕੀਤਾ ਜਾਵੇਗਾ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

A1 HERBAL Ayurvedic Clinic
ਡਿਸਕ, ਮੋਚ, ਚੁੱਕ, ਧਰਨ, ਰੀਹ
● ਗਰਦਨ ਦਰਦ ● ਸਿਰਦਰਦ ● ਕਮਰ ਦਰਦ
● ਡਿਸਕ ਦਾ ਦਰਦ ● ਤੁਰਨ ਵੇਲੇ ਲੱਤਾਂ ਵਿੱਚ ਦਰਦ
● ਗੋਡਿਆਂ ਵਿੱਚ ਦਰਦ ਜਾਂ ਸੋਜ ● ਪੱਸਲੀਆਂ ਦਾ ਦਰਦ
● ਅੱਡੀਆਂ ਦਾ ਦਰਦ ● ਉੱਠ ਬੈਠ ਨਾ ਸਕਣਾ
ਗੱਠੀਆ ਦਾ ਪੱਕਾ ਹਰਬਲ ਇਲਾਜ
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ
www.A1HERBAL.ca
Ph# 905-874-3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ

REXDALE FINANCIAL SERVICES
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
NO CREDIT ANY CREDIT
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ ਫੈਟੀ ਲਿਵਰ
ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੌੜੀਆ ਤੇ ਔਰਤਾਂ ਦੀਆਂ ਯੂਟਰਸ ਦੀਆਂ ਰਸੌਲੀਆਂ ਜ਼ਿੱਦੀ ਸ਼ਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੋਕੇਜ, ਮਹਾਵਾਰ੍ਹੀ ਤੇ ਬਾਇਪਾਸ ਸਰਜਰੀ ਤੋ ਬਚਾਉ ਦਾ ਪਕਾ ਇਲਾਜ।
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਕਰ ਕਰੋ
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ।
ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ।
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593
NO SIDE EFFECTS

UK Truck Training Centre
Ministry Approved Private Carrier College
○Automatic & Manual Trucks
●1 on 1 Training
○Forklift Training
Reach Truck
Forklift $79
Counterbalance
"We Provide Training For Forklift & Trucks"
17 ਸਾਲਾਂ ਦਾ ਤਜਰਬਾ | ਸਤੇ ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal 647.894.8590
7542 Bath Rd, Mississauga, ON L4T 1L2
Off:905.673.7979

SherGill Law Firm
Barrister, Solicitor & Notary Public
Services:
● Real Estate
● Residential, Commercial, Franchise
● Criminal Law
● Family Law
● Affidavit, Power Of Attorney & Notarization
● Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਕੈਪਟਨ ਅਮਰਿੰਦਰ ਸਿੰਘ ਨੇ ਕਰਤਾਰਪੁਰ ਲਾਂਘੇ ਪਿੱਛੇ ਪਾਕਿ ਫ਼ੌਜ ਦੀ ਸਾਜ਼ਿਸ਼ ਦੀ ਗੱਲ ਕਹੀ

ਚੰਡੀਗੜ੍ਹ, 9 ਦਸੰਬਰ, (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਵਜੋਂ ਇਮਰਾਨ ਖ਼ਾਨ ਦੇ ਸਹੁੰ ਚੁੱਕ ਸਮਾਗਮ ਦੇ ਸਮੇਂ ਓਥੋਂ ਦੀ ਫੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਵੱਲੋਂ ਕਰਤਾਰਪੁਰ ਸਾਹਿਬ ਵਾਲਾ ਲਾਂਘਾ ਖੋਲ੍ਹਣ ਵਾਸਤੇ ਭਾਰਤੀ ਪੰਜਾਬ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਕੋਲ ਕੀਤੀ ਪੇਸ਼ਕਸ਼ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਉਸ ਦੇਸ਼ ਦੀ ਫੌਜ ਦੀ ਇੱਕ ਵੱਡੀ ਸਾਜ਼ਿਸ਼ ਕਰਾਰ ਦਿੱਤਾ ਹੈ।



ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਏਥੇ ਇੱਕ ਟੀ ਵੀ ਚੈਨਲ ਨੂੰ ਦਿੱਤੀ ਇੰਟਰਵਿਊ ਵਿੱਚ ਕਿਹਾ ਕਿ ਕਰਤਾਰਪੁਰ ਸਾਹਿਬ ਲਈ ਲਾਂਘਾ ਖੋਲ੍ਹਣਾ ਸਾਫ ਤੌਰ ’ਤੇ ਪਾਕਿਸਤਾਨੀ ਖੁਫੀਆ ਏਜੰਸੀ ਆਈ ਐਸ ਆਈ ਦੀ ਯੋਜਨਾ ਦਾ ਹਿੱਸਾ ਹੈ। ਉਨ੍ਹਾਂ ਕਿਹਾ ਕਿ ਲਗਦਾ ਹੈ ਕਿ ਪਾਕਿਸਤਾਨੀ ਫ਼ੌਜ ਨੇ ਭਾਰਤ ਦੇ ਖ਼ਿਲਾਫ਼ ਫਿਰ ਕੋਈ ਵੱਡੀ ਸਾਜ਼ਿਸ਼ ਘੜੀ ਹੈ। ਉਨ੍ਹਾਂ ਨੇ ਪਾਕਿਸਤਾਨ ਵੱਲੋਂ ਭਾਰਤੀ ਪੰਜਾਬ ਵਿੱਚ ਅਤਿਵਾਦ ਨੂੰ ਮੁੜ ਕੇ ਚਾਲੂ ਕਰਨ ਦੀ ਕੋਸ਼ਿਸ਼ ਦੀ ਗੱਲ ਮੰਨਦੇ ਹੋਏ ਕਿਹਾ ਕਿ ਇਸ ਤੋਂ ਸਾਰਿਆਂ ਨੂੰ ਚੌਕਸ ਰਹਿਣਾ ਚਾਹੀਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ ਵਾਲੇ ਮੁੱਦੇ ਨੂੰ ਗ਼ੈਰ-ਜ਼ਰੂਰੀ ਤੌਰ ਉੱਤੇ ਉਭਾਰਿਆ ਜਾ ਰਿਹਾ ਹੈ ਤੇ ਜਿਹੜੇ ਲੋਕ ਇਸ ਨੂੰ ਉਭਾਰ ਰਹੇ ਹਨ, ਉਹ ਸਪੱਸ਼ਟ ਤੌਰ ਉੱਤੇ ਆਈ ਐਸ ਆਈ ਦੀ ਇਸ ਸਾਜ਼ਿਸ਼ ਨੂੰ ਵੇਖਣ ਤੋਂ ਅਸਮਰੱਥ ਹਨ। ਇਸ ਮੌਕੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਦਾ ਹੱਥ-ਠੋਕਾ ਦੱਸਣ ਲਈ ਕੈਪਟਨ ਅਮਰਿੰਦਰ ਸਿੰਘ ਨੇ ਅਕਾਲੀਆਂ ਦੀ ਤਿੱਖੀ ਆਲੋਚਨਾ ਕੀਤੀ। ਉਨ੍ਹਾਂ ਨੇ ਆਪਣੇ ਮੰਤਰੀ ਨਵਜੋਤ ਸਿੰਘ ਸਿੱਧੂ ਦੇ ਨਾਲ ਸਬੰਧਾਂ ਦੇ ਮੁੱਦੇ ਉੱਤੇ ਗੈਰਜ਼ਰੂਰੀ ਵਿਵਾਦ ਖੜ੍ਹਾ ਕਰਨ ਲਈ ਅਕਾਲੀ ਦਲ ਅਤੇ ਭਾਜਪਾ ਦੇ ਆਗੂਆਂ ਦੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਸਰਹੱਦੀ ਸੂਬੇ ਵਿੱਚ ਅਸਥਿਰਤਾ ਪੈਦਾ ਕਰਨਾ ਪਾਕਿਸਤਾਨ ਦੀ ਸੋਚ ਹੈ, ਅਕਾਲੀ-ਭਾਜਪਾ ਆਗੂ ਨਵਜੋਤ ਸਿੰਘ ਸਿੱਧੂ ਦਾ ਮੁੱਦਾ ਉਭਾਰ ਕੇ ਇਸ ਅਹਿਮ ਮੁੱਦੇ ਵੱਲੋਂ ਲੋਕਾਂ ਦਾ ਧਿਆਨ ਲਾਂਭੇ ਕਰ ਰਹੇ ਜਾਪਦੇ ਹਨ।

ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਇਸ ਵਿੱਚ ਸ਼ੱਕ ਨਹੀਂ ਕਿ ਇਮਰਾਨ ਖਾਨ ਭਾਰਤ ਨਾਲ ਸ਼ਾਂਤੀ ਤੇ ਸਦਭਾਵਨਾ ਦੀਆਂ ਕੋਸ਼ਿਸ਼ਾਂ ਕਰ ਰਿਹਾ ਹੈ, ਪਰ ਇਸ ਕੰਮ ਲਈ ਉਨ੍ਹਾਂ ਨੂੰ ਆਪਣੀ ਫੌਜ ਦੇ ਮੁਖੀ ਜਨਰਲ ਬਾਜਵਾ ’ਤੇ ਜ਼ੋਰ ਪਾਉਣਾ ਚਾਹੀਦਾ ਹੈ ਕਿ ਉਹ ਸਰਹੱਦ ਉੱਤੇ ਭਾਰਤੀ ਫ਼ੌਜੀਆਂ ਦੇ ਕਤਲਾਂ ਨੂੰ ਰੋਕਣਾ ਯਕੀਨੀ ਬਣਾਏ। ਉਨ੍ਹਾਂ ਕਿਹਾ ਕਿ ਪਾਕਿਸਤਾਨ ਦਾ ਇਤਿਹਾਸ ਗਵਾਹ ਹੈ ਕਿ ਪ੍ਰਧਾਨ ਮੰਤਰੀ ਨੂੰ ਸੱਤਾ ਵਿੱਚ ਕਾਇਮ ਰਹਿਣ ਲਈ ਫੌਜ ਦੀ ਹਾਂ ਵਿੱਚ ਹਾਂ ਮਿਲਾਉਣੀ ਪੈਂਦੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ ‘ਪਸੰਦੀਦਾ’ ਹਸਤੀ ਹੈ ਅਤੇ ਉਨ੍ਹਾਂ ਦੇ ਸਿੱਧੂ ਦੇ ਮਾਪਿਆਂ ਨਾਲ ਸਬੰਧ ਸਨ। ਜਦੋਂ ਇਹ ਕ੍ਰਿਕਟ ਖਿਡਾਰੀ ਬਣਿਆ ਤਾਂ ਉਸ ਦੇ ਪਿਤਾ ਪਟਿਆਲਾ ਜ਼ਿਲ੍ਹਾ ਕਾਂਗਰਸ ਦੇ ਪ੍ਰਧਾਨ ਸਨ ਤੇ ਮੇਰੀ ਮਾਤਾ ਮਹਿੰਦਰ ਕੌਰ ਪਟਿਆਲਾ ਤੋਂ ਪਾਰਲੀਮੈਂਟ ਮੈਂਬਰ ਸਨ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਤੇ ਸਿੱਧੂ ਵਿਚਾਲੇ ਕਦੇ ਟਕਰਾਅ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਸਰਕਾਰ ਵਾਸਤੇ ਵੀ ਉਨ੍ਹਾਂ ਨੂੰ ਸਿੱਧੂ ਨਾਲ ਕਦੇ ਸਮੱਸਿਆ ਨਹੀਂ ਹੋਈ। ਮੁੱਖ ਮੰਤਰੀ ਨੇ ਕਿਹਾ ਕਿ ਸਿੱਧੂ ਦੀ ਇੱਕੋ ਸਮੱਸਿਆ ਹੈ ਕਿ ਉਹ ਕਈ ਵਾਰ ਸੋਚਣ ਤੋਂ ਪਹਿਲਾਂ ਬੋਲ ਜਾਂਦੇ ਹਨ।

# ਨਵੀਂ ਪਾਰਟੀ ਬੰਨ੍ਹਦੇ ਹੋਏ ਦੁਸ਼ਯੰਤ ਨੇ ਪਿਓ-ਦਾਦੇ ਦੀ ਇਨੈਲੋ ਨੂੰ ਜੜ੍ਹੋਂ ਪੁੱਟਣ ਦੀ ਟਾਹਰ ਮਾਰੀ

ਜੀਂਦ, 9 ਦਸੰਬਰ, (ਪੋਸਟ ਬਿਊਰੋ)- ਹਰਿਆਣਾ ਦੇ ਚਾਰ ਵਾਰੀਆਂ ਦੇ ਮੁੱਖ ਮੰਤਰੀ ਅਤੇ ਅੱਜ ਕੱਲ੍ਹ ਭ੍ਰਿਸ਼ਟਾਚਾਰ ਕੇਸ ਵਿੱਚ ਜੇਲ੍ਹ ਵਿੱਚ ਬੈਠੇ ਹੋਏ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਦੇ ਪ੍ਰਧਾਨ ਓਮ ਪ੍ਰਕਾਸ਼ ਚੌਟਾਲਾ ਦੇ ਪੋਤੇ ਦੁਸ਼ਯੰਤ ਨੇ ਅੱਜ ਜੀਂਦ ਨੇੜਲੇ ਪਾਂਡੂ ਪਿੰਡਾਰਾ ਦੀ ਰੈਲੀ ਵਿਚ ਨਵੀਂ ਪਾਰਟੀ ਬਣਾਉਣ ਦਾ ਐਲਾਨ ਕਰ ਦਿੱਤਾ। ਇਸ ਦੇ ਨਾਲ ਹੀ ਉਸ ਨੇ ਇਨੈਲੋ, ਭਾਜਪਾ ਅਤੇ ਕਾਂਗਰਸ ਨੂੰ ਜੜ੍ਹੋਂ ਉਖਾੜ ਸੁੱਟਣ ਦਾ ਐਲਾਨ ਕਰਦੇ ਹੋਏ ਕਿਹਾ ਕਿ ਇਹਨਾਂ ਸਾਰਿਆਂ ਨੇ ਲੋਕਾਂ ਨੂੰ ਠੱਗਣ ਦਾ ਕੰਮ ਕੀਤਾ ਹੈ। ਦੁਸ਼ਯੰਤ ਨੇ ਪਾਰਟੀ ਦਾ ਨਾਮ ‘ਜਨਨਾਇਕ ਜਨਤਾ ਪਾਰਟੀ’ ਰੱਖਿਆ ਹੈ। ਹਲਕਾ ਡਬਵਾਲੀ ਦੀ ਵਿਧਾਇਕਾ ਦੁਸ਼ਯੰਤ ਦੀ ਮਾਂ ਨੈਨਾ ਚੌਟਾਲਾ ਨੇ ਨਵੀਂ ਪਾਰਟੀ ਦੇ ਝੰਡੇ ਦੀ ਘੁੰਡ ਚੁਕਾਈ ਕੀਤੀ, ਜਿਸ ਦਾ 70 ਫ਼ੀਸਦੀ ਰੰਗ ਹਰਾ ਅਤੇ 30 ਫ਼ੀਸਦੀ ਪੀਲਾ ਹੈ। ਇਸ ਵਿਚ ਜਨਨਾਇਕ ਚੌਧਰੀ ਦੇਵੀ ਲਾਲ ਦੀ ਤਸਵੀਰ ਹੈ।



ਅੱਜ ਇਹ ਨਵੀਂ ਪਾਰਟੀ ਸ਼ੁਰੂ ਕਰਦੇ ਹੋਏ ਦੁਸ਼ਯੰਤ ਚੌਟਾਲਾ ਨੇ ਕਿਹਾ ਕਿ ਹਰਾ ਰੰਗ ਸੁਰੱਖਿਆ, ਸ਼ਾਂਤੀ, ਤਰੱਕੀ ਅਤੇ ਭਾਈਚਾਰੇ ਦਾ ਪ੍ਰਤੀਕ ਤੇ ਪੀਲਾ ਰੰਗ ਊਰਜਾ ਅਤੇ ਸਕਾਰਾਤਮਕਤਾ ਦਾ ਪ੍ਰਤੀਕ ਹੈ। ਉਸ ਨੇ ਕਿਹਾ ਕਿ ਇੰਡੀਅਨ ਨੈਸ਼ਨਲ ਲੋਕਦਲ (ਇਨੈਲੋ) ਦਾ ਗਠਨ ਚੌਧਰੀ ਦੇਵੀ ਲਾਲ ਨੇ ਨੀਤੀਆਂ ਅਤੇ ਸਿੱਧਾਂਤਾਂ ਲਈ ਕੀਤਾ ਸੀ, ਪਾਰਟੀ ਨੇ ਉਨ੍ਹਾਂ ਦੇ ਸਿੱਧਾਂਤ ਛੱਡ ਕੇ ਲੋਕਾਂ ਨੂੰ ਤੰਗ ਕਰਨਾ ਸ਼ੁਰੂ ਕਰ ਦਿਤਾ। ਉਨ੍ਹਾਂ ਨੂੰ ਤੇ ਉਨ੍ਹਾਂ ਦੇ ਪਿਤਾ ਨੂੰ ਬਿਨਾਂ ਕਾਰਨ ਪਾਰਟੀ ਤੋਂ ਕੱਢ ਦਿਤਾ ਗਿਆ, ਪਰ ਉਹ ਚੁਪ ਨਹੀਂ ਬੈਠੇ, ਉਹ ਅਪਣੀ ਮਿਹਨਤ ਨਾਲ ਨਵੀਂ ਪਾਰਟੀ ਬਣਾਉਣਗੇ ਤੇ ਇਹ ਪਾਰਟੀ ਤਾਊ ਦੇਵੀਲਾਲ ਦੇ ਵਿਚਾਰਾਂ ਅਤੇ ਲੋਕਾਂ ਦੀਆਂ ਭਾਵਨਾਵਾਂ ਮੁਤਾਬਕ ਚੱਲੇਗੀ। ਪਾਰਟੀ ਦੇ ਝੰਡੇ ਉਤੇ ਓਮ ਪ੍ਰਕਾਸ਼ ਚੌਟਾਲਾ ਦੀ ਤਸਵੀਰ ਨਾ ਹੋਣ ਬਾਰੇ ਦੁਸ਼ਯੰਤ ਨੇ ਕਿਹਾ ਕਿ ਉਹ ਸਾਡੇ ਘਰ ਦੇ ਮੁਖੀ ਹਨ, ਪਰ ਵਿਰੋਧੀ ਦਲ ਵਿਚ ਹਨ। ਇਹ ਕਾਨੂੰਨੀ ਮਜਬੂਰੀ ਹੈ ਕਿ ਉਨ੍ਹਾਂ ਦੀ ਫੋਟੋ ਨਾ ਲਾਈ ਜਾਵੇ। ਇਸ ਮੌਕੇ ਉਨ੍ਹਾਂ ਨੇ ‘ਓ ਪੀ ਚੌਟਾਲਾ ਜ਼ਿੰਦਾਬਾਦ’ ਦੇ ਨਾਅਰੇ ਵੀ ਲਵਾਏ। ਦੁਸ਼ਯੰਤ ਨੇ ਕਿਹਾ ਕਿ ਪਿਛਲੇ 4 ਸਾਲ ਵਿਚ ਭਾਜਪਾ ਨੇ ਭਾਈਚਾਰਾ ਤੋੜਨ ਦਾ ਕੰਮ ਕੀਤਾ ਹੈ। ਸਾਡੀ ਸਰਕਾਰ ਬਣੀ ਤਾਂ ਕਿਸਾਨੀ ਕਰਜ਼ ਮਾਫ਼ ਹੋਵੇਗਾ, ਟਿਊਬਵੈਲ ਕਨੈਕਸ਼ਨ ਖੋਲ੍ਹਾਂਗੇ, ਫਸਲ ਦਸ ਗੁਣਾ ਭਾਅ ਉਤੇ ਵੇਚੀ ਜਾਵੇਗੀ।

# ਪੰਜਾਬ ਦੇ ਮੰਤਰੀਆਂ ਨਾਲ ਮਿਲਣੀ ਅਤੇ ਸੰਗਤ-ਫ਼ਤਵੇ ਦੇ ਦਾਅਵੇ ਨਾਲ ਬਰਗਾੜੀ ਮੋਰਚਾ ਖਤਮ

...ਪੰਨਾ 1 ਦਾ ਬਾਕੀ

ਇਸ ਦੇ ਬਾਅਦ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਨੇ ਆਖਿਆ ਕਿ ਝੂਠੇ ਦੋਸ਼ਾਂ ਦੀ ਝੜੀ ਝੱਲ ਕੇ ਵੀ ਇਹ ਇਨਸਾਫ਼ ਮੋਰਚਾ ਚੜ੍ਹਦੀ ਕਲਾ ਵਿੱਚ ਰਹਿ ਕੇ ਸਫ਼ਲ ਹੋਇਆ ਹੈ। ਪ੍ਰਬੰਧਕਾਂ ਉੱਤੇ ਮਾਇਆ ਦੀ ਦੁਰਵਰਤੋਂ ਦੇ ਦੋਸ਼ ਰੱਦ ਕਰਦੇ ਹੋਏ ਉਨ੍ਹਾਂ ਕਿਹਾ ਕਿ ਮੋਰਚੇ ਦੌਰਾਨ 1.48 ਕਰੋੜ ਰੁਪਏ ਮਿਲੇ ਅਤੇ ਇਨ੍ਹਾਂ ਵਿੱਚੋਂ ਸਾਰੇ ਖ਼ਰਚੇ ਕੱਢ ਕੇ ਬਾਕੀ 22 ਲੱਖ ਰੁਪਏ ਸੰਗਤ ਆਪਣੀ ਇੱਛਾ ਨਾਲ ਜਿੱਥੇ ਮਰਜ਼ੀ ਵਰਤ ਸਕਦੀ ਹੈ। ਮੰਡ ਨੇ ਸੰਗਤ ਦੀ ਭਾਵਨਾ ਨੂੰ ਧਿਆਨ ’ਚ ਰੱਖਦਿਆਂ ਮੋਰਚੇ ਨੂੰ ਸਮੇਟਣ ਦੀ ਥਾਂ ਇਹ ਕਿਹਾ, ‘ਮੋਰਚੇ ਦਾ ਪਹਿਲਾ ਪੜਾਅ ਅੱਜ ਖ਼ਤਮ ਹੋ ਗਿਆ ਤੇ ਅਗਲੇ ਪੜਾਅ ਬਾਰੇ ਜਲਦੀ ਐਲਾਨ ਕੀਤਾ ਜਾਵੇਗਾ।’ ਇਨ੍ਹਾਂ ਭਾਸ਼ਨਾਂ ਦੇ ਦੌਰਾਨ ਪੰਡਾਲ ਵਿੱਚ ਬੈਠੀ ਸੰਗਤ ਵਿੱਚ ਸਮਝੌਤੇ ਬਾਰੇ ਨਾਰਾਜ਼ਗੀ ਦੀ ਘੁਸਰ-ਮੁਸਰ ਚੱਲਦੀ ਰਹੀ ਤੇ ਸਟੇਜ ਚਲਾ ਰਹੇ ਜਥੇਦਾਰ ਦਾਦੂਵਾਲ ਨੂੰ ਵਾਰ-ਵਾਰ ਅਨੁਸ਼ਾਸਨ ’ਚ ਰਹਿਣ ਦੀਆਂ ਅਪੀਲਾਂ ਕਰਨੀਆਂ ਪਈਆਂ।




# ਟਰੰਪ ਦੇ ਜਵਾਈ ਉੱਤੇ ਖਸ਼ੋਗੀ ਕੇਸ ਵਿੱਚ ਕਰਾਊਨ ਪ੍ਰਿੰਸ ਮੁਹੰਮਦ ਨੂੰ ਸਲਾਹਾਂ ਦੇਣ ਦਾ ਦੋਸ਼

ਵਾਸ਼ਿੰਗਟਨ, 9 ਦਸੰਬਰ, (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਜਵਾਈ ਜੈਰੇਡ ਕੁਸ਼ਨਰ ਉੱਤੇ ਤੁਰਕੀ ਵਿੱਚ ਮਾਰੇ ਗਏ ਪੱਤਰਕਾਰ ਖਸ਼ੋਗੀ ਦੇ ਕਤਲ ਕੇਸ ਵਿੱਚ ਫਸੇ ਸਾਊਦੀ ਅਰਬ ਦੇ ਕਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਨੂੰ ਹਾਲਾਤ ਨਾਲ ਨਜਿੱਠਣ ’ਚ ਸਲਾਹਾਂ ਦੇਣ ਦਾ ਦੋਸ਼ ਲਾਇਆ ਗਿਆ ਹੈ। ਇਸਤਾਂਬੁਲ ਵਿਚਲੇ ਸਾਊਦੀ ਅਰਬ ਦੇ ਵਪਾਰਕ ਕੌਂਸਲੇਟ ਵਿੱਚ ਜਮਾਲ ਖਸ਼ੋਗੀ ਦਾ ਕਤਲ ਕੀਤਾ ਗਿਆ ਸੀ ਤੇ ਉਸ ਨੂੰ ਕਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਦੇ ਇਸ਼ਾਰੇ ਉੱਤੇ ਕਤਲ ਕਰਨ ਦੀ ਚਰਚਾ ਹੈ। ਜੈਰੇਡ ਕੁਸ਼ਨਰ ਨੂੰ ਕਰਾਊਨ ਪ੍ਰਿੰਸ ਮੁਹੰਮਦ ਦਾ ਮਿੱਤਰ ਮੰਨਿਆ ਜਾਂਦਾ ਹੈ। ਕੁਸ਼ਨਰ ਜਵਾਈ ਤੋਂ ਇਲਾਵਾ ਰਾਸ਼ਟਰਪਤੀ ਟਰੰਪ ਦੇ ਸਰਕਾਰੀ ਸਲਾਹਕਾਰ ਵੀ ਹਨ।

ਨਿਊਯਾਰਕ ਟਾਈਮਜ਼ ਦੀ ਰਿਪੋਰਟ ਮੁਤਾਬਕ ਪ੍ਰਿੰਸ ਮੁਹੰਮਦ ਨੂੰ ਹਾਲਾਤ ਨਾਲ ਨਜਿੱਠਣ ਦੇ ਤਰੀਕੇ ਕੁਸ਼ਨਰ ਦੱਸ ਰਹੇ ਹਨ ਅਤੇ ਇਸ ਕਤਲ ਤੋਂ ਬਾਅਦ ਹੋਇਆ ਹੰਗਾਮਾ ਕਿਵੇਂ ਸ਼ਾਂਤ ਕੀਤਾ ਜਾਵੇ, ਉਸ ਦੀ ਰਣਨੀਤੀ ਤੇ ਸਲਾਹ ਦੇ ਰਹੇ ਹਨ। ਟਰੰਪ ਪ੍ਰਸ਼ਾਸਨ ਦੇ ਸ਼ੁਰੂ ਦੇ ਮਹੀਨਿਆਂ ਤੋਂ ਕੁਸ਼ਨਰ ਮੱਧ-ਪੂਰਬ ਦੇ ਮਾਮਲਿਆਂ ਲਈ ਰਾਸ਼ਟਰਪਤੀ ਦੇ ਸਲਾਹਕਾਰ ਹਨ, ਇਸ ਕਾਰਨ ਕੁਸ਼ਨਰ ਦੇ ਪ੍ਰਿੰਸ ਮੁਹੰਮਦ ਨਾਲ ਗ਼ੈਰ ਰਸਮੀ ਸੰਬੰਧਾਂ ਅਤੇ ਗ਼ੈਰ ਰਸਮੀ ਗੱਲਬਾਤ ਬਾਰੇ ਅਮਰੀਕਾ ਦੇ ਅਧਿਕਾਰੀਆਂ ਨੂੰ ਚਿੰਤਾ ਦੱਸੀ ਜਾਂਦੀ ਹੈ। ਇਨ੍ਹਾਂ ਅਧਿਕਾਰੀਆਂ ਨੂੰ ਲੱਗਦਾ ਹੈ ਕਿ ਇਸ ਨਾਲ ਗੁਪਤ ਅਮਰੀਕੀ ਸੂਚਨਾਵਾਂ ਸਾਊਦੀ ਅਰਬ ਤੱਕ ਜਾ ਸਕਦੀਆਂ ਹਨ। ਪਹਿਲਾਂ ਕੁਝ ਗੁਪਤ ਸੂਚਨਾਵਾਂ ਦੇ ਕੁਸ਼ਨਰ ਤੱਕ ਜਾਣ ਉੱਤੇ ਰੋਕ ਲਾਈ ਗਈ ਹੈ। ਸ਼ੱਕ ਇਹ ਪਿਆ ਸੀ ਕਿ ਗੁਪਤ ਸੂਚਨਾਵਾਂ ਲੀਕ ਹੁੰਦੀਆਂ ਸਨ। ਟਰੰਪ ਸਰਕਾਰ ਦੇ ਤਿੰਨ ਸਾਬਕਾ ਅਧਿਕਾਰੀਆਂ ਨੇ ਇਸ ਤਰ੍ਹਾਂ ਦਾ ਸ਼ੱਕ ਪ੍ਰਗਟਾਇਆ ਸੀ।

ਤਾਜ਼ਾ ਮੀਡੀਆ ਰਿਪੋਰਟਾਂ ਮੁਤਾਬਕ ਜੈਰੇਡ ਕੁਸ਼ਨਰ (37) ਅਤੇ ਕਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ (33) ਦੇ ਆਪਸ ਵਿੱਚ ਏਨੇ ਗੂੜ੍ਹੇ ਸਬੰਧ ਹਨ ਕਿ ਉਹ ਨਾਂ ਦੇ ਪਹਿਲੇ ਸ਼ਬਦ ਤੋਂ ਇਕ ਦੂਜੇ ਨੂੰ ਬੁਲਾਉਂਦੇ ਹਨ। ਵ੍ਹਾਈਟ ਹਾਊਸ ਦੀ ਬਦਲੀ ਹੋਈ ਨੀਤੀ ਮੁਤਾਬਕ ਉੱਚ ਅਹੁਦਿਆਂ ਉੱਤੇ ਬੈਠੇ ਲੋਕਾਂ ਦੀਆਂ ਵਿਦੇਸ਼ੀ ਨੇਤਾਵਾਂ ਨਾਲ ਫੋਨ ਉੱਤੇ ਹੋ ਰਹੀਆਂ ਗੱਲਾਂ ਉੱਤੇ ਨਜ਼ਰ ਰੱਖੀ ਜਾਂਦੀ ਹੈ। ਵਰਨਣ ਯੋਗ ਹੈ ਕਿ ਸਾਊਦੀ ਅਰਬ ਦੀ ਸ਼ਾਹੀ ਸੱਤਾ ਦੇ ਆਲੋਚਕ ਪੱਤਰਕਾਰ ਜਮਾਲ ਖਸ਼ੋਗੀ ਦੀ ਦੋ ਅਕਤੂਬਰ ਨੂੰ ਹੱਤਿਆ ਕਰ ਦਿੱਤੀ ਗਈ ਸੀ।

## ਫਰਾਂਸ ਵਿਚ ‘ਯੈਲੋ ਵੈਸਟ ਪ੍ਰਦਰਸ਼ਨ’ ਦੇ ਨਵੇਂ ਦੌਰ ਦੌਰਾਨ 1700 ਤੋਂ ਵੱਧ ਲੋਕ ਗ੍ਰਿਫਤਾਰ

ਪੈਰਿਸ, 9 ਦਸੰਬਰ, (ਪੋਸਟ ਬਿਊਰੋ)- ਮਹਿੰਗਾਈ ਤੇ ਹੋਰ ਮੁੱਦਿਆਂ ਨੂੰ ਲੈ ਕੇ ਫਰਾਂਸ ਵਿਚ ‘ਯੈਲੋ ਵੈਸਟ’ ਦੇ ਨਵੇਂ ਦੌਰ ਦਾ ਪ੍ਰਦਰਸ਼ਨ ਕਰਦੇ ਲੋਕਾਂ ਅਤੇ ਦੰਗਾ ਵਿਰੋਧੀ ਪੁਲਸ ਦੀ ਝੜਪ ਮਗਰੋਂ 1700 ਤੋਂ ਵੱਧ ਲੋਕ ਗ੍ਰਿਫਤਾਰ ਕਰ ਲਏ ਗਏ ਹਨ। ਗ੍ਰਹਿ ਮੰਤਰਾਲੇ ਨੇ ਐਤਵਾਰ ਨੂੰ ਜਾਰੀ ਕੀਤੀ ਖਬਰ ਵਿਚ ਇਹ ਗੱਲ ਮੰਨੀ ਹੈ। ਇਸ ਖੁਸ਼ਹਾਲ ਯੂਰਪੀ ਦੇਸ਼ ਵਿਚ ਵਧ ਰਹੀ ਮਹਿੰਗਾਈ ਤੇ ਮੋਟੇ ਤੌਰ ਉੱਤੇ ਰਾਸ਼ਟਰਪਤੀ ਇਮੈਨੂਅਲ ਮੈਕਰਾਂ ਦੇ ਖਿਲਾਫ ਦੇਸ਼ ਵਿਆਪੀ ਪ੍ਰਦਰਸ਼ਨ ਵਿੱਚ ਚੌਥੇ ਹਫਤੇ ਦੇ ਅੰਤ ਵਿੱਚ ਮਾਰਸੀਲੇ, ਬੋਰਡੋਕਸ ਤੇ ਟੌਲਾਉਜ਼ ਸਣੇ ਕਈ ਸ਼ਹਿਰਾਂ ਵਿਚ ਪ੍ਰਦਰਸ਼ਨਕਾਰੀਆਂ ਅਤੇ ਪੁਲਸ ਦੀ ਝੜਪ ਹੋਈ। ਗ੍ਰਹਿ ਮੰਤਰਾਲੇ ਮੁਤਾਬਕ 1723 ਲੋਕ ਗ੍ਰਿਫਤਾਰ ਕੀਤੇ ਗਏ ਹਨ। ਪੈਰਿਸ ਵਿਚ ਪੁਲਸ ਨੇ ਦੱਸਿਆ ਕਿ ਉਸ ਨੇ ਸ਼ਨੀਵਾਰ 1082 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ, ਜਿਹੜੇ ਪਿਛਲੇ ਦੌਰ ਵੇਲੇ ਗ੍ਰਿਫਤਾਰ 412 ਲੋਕਾਂ ਤੋਂ ਵੱਖਰੇ ਹਨ। ਗ੍ਰਹਿ ਮੰਤਰਾਲੇ ਮੁਤਾਬਕ ਸ਼ਨੀਵਾਰ ਪ੍ਰਦਰਸ਼ਨ ਵਿਚ ਕਰੀਬ 1,36,000 ਲੋਕਾਂ ਨੇ ਹਿਸਾ ਲਿਆ। ਇਕ ਦਸੰਬਰ ਨੂੰ ਵੀ ਪ੍ਰਦਰਸ਼ਨ ਵਿਚ ਕਰੀਬ ਏਨੇ ਲੋਕ ਆਏ ਸਨ। ਪੈਰਿਸ ਦਾ ਪ੍ਰਦਰਸ਼ਨ ਬਹੁਤ ਹਿੰਸਕ ਹੋ ਗਿਆ ਤੇ ਲੋਕਾਂ ਨੇ ਕਾਰਾਂ ਆਦਿ ਨੂੰ ਅੱਗ ਲਾ ਦਿੱਤੀ ਅਤੇ ਸ਼ੀਸ਼ੇ ਤੋੜ ਦਿੱਤੇ। ਸ਼ਹਿਰ ਪ੍ਰਸ਼ਾਸਨ ਮੁਤਾਬਕ ਯੈਲੋ ਵੈਸਟ ਨੇ ਇਕ ਦਸੰਬਰ ਦੇ ਮੁਕਾਬਲੇ ਅੱਜ ਵੱਧ ਨੁਕਸਾਨ ਕੀਤਾ ਹੈ। ਇਨ੍ਹਾਂ ਪ੍ਰਦਰਸ਼ਨਾਂ ਦਾ ਨਿਸ਼ਾਨਾ ਰਾਸ਼ਟਰਪਤੀ ਹਨ ਅਤੇ ਆਸ ਹੈ ਕਿ ਉਹ ਅਗਲੇ ਕੁਝ ਦਿਨਾਂ ਵਿਚ ਪ੍ਰਦਰਸ਼ਨਕਾਰੀਆਂ ਨੂੰ ਸੰਬੋਧਿਤ ਕਰ ਸਕਦੇ ਹਨ। ਪ੍ਰਦਰਸ਼ਨਕਾਰੀ ਲੋਕ ‘ਮੈਕਰਾਂ ਅਸਤੀਫਾ ਦਿਓ’ ਦੇ ਨਾਅਰੇ ਵੀ ਲਾ ਰਹੇ ਸਨ।










## ਪੰਜਾਬ 'ਚ 30 ਦਸੰਬਰ ਨੂੰ ਪੰਚਾਇਤੀ ਚੋਣਾਂ ਕਰਾਉਣ ਦਾ ਐਲਾਨ, ਚੋਣ ਜ਼ਾਬਤਾ ਲਾਗੂ



ਚੰਡੀਗੜ੍ਹ, 9 ਦਸੰਬਰ, (ਪੋਸਟ ਬਿਊਰੋ)- ਪੰਜਾਬ ਵਿੱਚ 13,276 ਗਰਾਮ ਪੰਚਾਇਤਾਂ ਦੀ ਚੋਣ ਲਈ 30 ਦਸੰਬਰ ਨੂੰ ਵੋਟਾਂ ਪਵਾਉਣ ਦਾ ਐਲਾਨ ਕਰ ਦਿਤਾ ਗਿਆ ਹੈ। ਰਾਜ ਦੇ ਚੋਣ ਕਮਿਸ਼ਨਰ ਜਗਪਾਲ ਸਿੰਘ ਸੰਧੂ ਦੇ ਮੁਤਾਬਕ ਇਨ੍ਹਾਂ ਚੋਣਾਂ ਵਿੱਚ 1.27 ਕਰੋੜ ਪੇਂਡੂ ਵੋਟਰ ਆਪਣੇ ਜਮਹੂਰੀ ਹੱਕ ਦੀ ਵਰਤੋਂ ਕਰਨਗੇ। ਇਸ ਐਲਾਨ ਦੇ ਨਾਲ ਹੀ ਪੰਜਾਬ ਵਿੱਚ ਚੋਣ ਜ਼ਾਬਤਾ ਵੀ ਲਾਗੂ ਹੋ ਗਿਆ, ਜਿਹੜਾ ਚੋਣਾਂ ਹੋਣ ਤੱਕ ਜਾਰੀ ਰਹੇਗਾ।

ਚੋਣ ਪ੍ਰੋਗਰਾਮ ਦਾ ਐਲਾਨ ਕਰਦੇ ਹੋਏ ਚੋਣ ਕਮਿਸ਼ਨ ਨੇ ਦੱਸਿਆ ਕਿ ਇਨ੍ਹਾਂ ਚੋਣਾਂ ਦੇ ਲਈ ਨਾਮਜ਼ਦਗੀ ਕਾਗਜ਼ ਭਰਨ ਦਾ ਕੰਮ 15 ਦਸੰਬਰ ਨੂੰ ਸ਼ੁਰੂ ਹੋ ਕੇ 19 ਦਸੰਬਰ ਤੱਕ ਚੱਲੇਗਾ। 20 ਦਸੰਬਰ ਨੂੰ ਨਾਮਜ਼ਦਗੀ ਪੱਤਰਾਂ ਦੀ ਜਾਂਚ ਹੋ ਕੇ 21 ਦਸੰਬਰ ਤੱਕ ਕਾਗਜ਼ ਵਾਪਸ ਲਏ ਜਾ ਸਕਣਗੇ। ਇਸੇ ਦਿਨ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਅਲਾਟ ਕੀਤੇ ਜਾਣਗੇ। 30 ਦਸੰਬਰ ਐਤਵਾਰ ਨੂੰ ਵੋਟਾਂ ਪੈਣ ਪਿੱਛੋਂ ਵੋਟਾਂ ਦੀ ਗਿਣਤੀ ਤੇ ਨਤੀਜੇ ਦਾ ਐਲਾਨ ਓਸੇ ਦਿਨ ਹੋ ਜਾਵੇਗਾ।

ਵਰਨਣ ਯੋਗ ਹੈ ਕਿ ਪਿਛਲੇ ਤਿੰਨ ਮਹੀਨਿਆਂ ਤੋਂ ਗਰਾਮ ਪੰਚਾਇਤ ਚੋਣਾਂ ਦੀ ਉਡੀਕ ਹੋ ਰਹੀ ਸੀ ਅਤੇ ਸਰਕਾਰ ਇਨ੍ਹਾਂ ਚੋਣਾਂ ਨੂੰ ਲਟਕਾਈ ਜਾਂਦੀ ਸੀ। ਚੋਣ ਕਮਿਸ਼ਨ ਨੇ ਦੱਸਿਆ ਕਿ 13,276 ਪੰਚਾਇਤਾਂ ਲਈ 83,831 ਪੰਚਾਂ ਦੀ ਚੋਣ ਵਿੱਚੋਂ ਅਨੁਸੂਚਿਤ ਜਾਤੀ ਲਈ 17,811, ਅਨਸੂਚਿਤ ਜਾਤੀ ਔਰਤ ਲਈ, 12,634, ਜਨਰਲ ਵਰਗ ਔਰਤਾਂ ਲਈ 22,690, ਪੱਛੜੀਆਂ ਸ਼੍ਰੇਣੀਆਂ ਦੇ ਪੰਚਾਂ ਲਈ 4,381 ਅਤੇ ਜਨਰਲ ਵਰਗ ਲਈ 26,315 ਸੀਟਾਂ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਚੋਣਾਂ ਵਿੱਚ ਸਰਪੰਚੀ ਦੇ ਉਮੀਦਵਾਰ ਵੱਲੋਂ ਕੀਤੇ ਜਾਣ ਵਾਲੇ ਖਰਚ ਦੀ ਹੱਦ 30 ਹਜ਼ਾਰ ਰੁਪਏ ਮਿੱਥੀ ਗਈ ਹੈ, ਪੰਚਾਂ ਲਈ 20 ਹਜ਼ਾਰ ਰੁਪਏ ਹੈ।

## ਰੂਸੀ ਦਖਲ ਦੇ ਕੇਸ ਵਿੱਚ ਟਰੰਪ ਦੀਆਂ ਮੁਸ਼ਕਲਾਂ ਵਧਣ ਦਾ ਸ਼ੱਕ

ਵਾਸ਼ਿੰਗਟਨ, 9 ਦਸੰਬਰ (ਪੋਸਟ ਬਿਊਰੋ)- ਅਮਰੀਕਾ ਵਿੱਚ ਸਾਲ 2106 ਵਿੱਚ ਹੋਈ ਰਾਸ਼ਟਰਪਤੀ ਚੋਣ ਵਿੱਚ ਰੂਸ ਦੇ ਦਖਲ ਦੇ ਕੇਸ ਦੀ ਜਾਂਚ ਕਰ ਰਹੇ ਵਿਸ਼ੇਸ਼ ਵਕੀਲ ਰਾਬਰਟ ਮੂਲਰ ਨੇ ਸ਼ੁੱਕਰਵਾਰ ਅਦਾਲਤ ਵਿੱਚ ਨਵੇਂ ਦਸਤਾਵੇਜ਼ ਜਮ੍ਹਾ ਕੀਤੇ। ਇਸ ਨਾਲ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਮੁਸ਼ਕਲਾਂ ਵੱਧ ਸਕਦੀਆਂ ਹਨ।

ਮੂਲਰ ਨੇ ਕਿਹਾ ਕਿ ਟਰੰਪ ਦੇ ਸਾਬਕਾ ਚੋਣ ਇੰਚਾਰਜ ਪਾਲ ਮੈਨਫੋਰਟ ਨੇ ਫੈਡਰਲ ਜਾਂਚਕਾਰਾਂ ਅੱਗੇ ਭੁਗਤਾਨ ਤੇ ਟਰੰਪ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਸੰਪਰਕ ਦੇ ਬਾਰੇ ਝੂਠ ਬੋਲਿਆ ਸੀ। ਉਹ ਇਹ ਵੀ ਜਾਂਚ ਕਰ ਰਹੇ ਹਨ ਕਿ ਟਰੰਪ ਦੀ ਚੋਣ ਮੁਹਿੰਮ ਅਤੇ ਰੂਸ ਵਿਚਕਾਰ ਕੋਈ ਗੰਢਤੁੱਪ ਸੀ ਜਾਂ ਨਹੀਂ। ਮੈਨਫੋਰਟ 2016 ਦੀ ਰਾਸ਼ਟਰਪਤੀ ਚੋਣ ਵਿੱਚ ਡੋਨਾਲਡ ਟਰੰਪ ਦੀ ਪ੍ਰਚਾਰ ਟੀਮ ਦੇ ਮੁਖੀ ਸਨ। ਯੂਕਰੇਨ ਲਈ ਲਾਬਿੰਗ ਕਰਨ ਦੇ ਦੋਸ਼ਾਂ ਕਾਰਨ ਉਨ੍ਹਾਂ ਨੂੰ ਚੋਣ ਤੋਂ ਤਿੰਨ ਮਹੀਨੇ ਪਹਿਲਾਂ ਅਸਤੀਫਾ ਦੇਣਾ ਪਿਆ ਸੀ। ਉਹ ਸੱਤਾਧਾਰੀ ਰਿਪਬਲੀਕਨ ਪਾਰਟੀ ਦੇ ਸਿਆਸੀ ਸਲਾਹਕਾਰ ਰਹਿ ਚੁੱਕੇ ਹਨ। ਮੂਲਰ ਦੇ ਦਫਤਰ ਨੇ ਵਾਸ਼ਿੰਗਟਨ ਦੀ ਅਦਾਲਤ ਵਿੱਚ ਨਵੇਂ ਦਸਤਾਵੇਜ਼ ਜਮ੍ਹਾ ਕੀਤੇ। ਇਸ ਅਦਾਲਤ ਨੇ ਪਿਛਲੇ ਮਹੀਨੇ ਮੂਲਰ ਦੇ ਉਨ੍ਹਾਂ ਦੋਸ਼ਾਂ 'ਤੇ ਦਸਤਾਵੇਜ਼ ਜਮ੍ਹਾ ਕਰਨ ਲਈ ਕਿਹਾ ਸੀ ਕਿ ਮੈਨਫੋਰਟ ਨੇ ਝੂਠੇ ਬਿਆਨ ਦਿੱਤੇ ਸਨ। ਇਨ੍ਹਾਂ



ਦਸਤਾਵੇਜ਼ਾਂ ਅਨੁਸਾਰ ਮੈਨਫੋਰਟ ਨੇ ਰੂਸੀ-ਯੂਕਰੇਨੀਅਨ ਸਿਆਸੀ ਸਲਾਹਕਾਰ ਕਾਂਸਟੇਟਿਨ ਕਿਲੀਮਨਿਕ ਦੇ ਨਾਲ ਹੋਏ ਗੱਲਬਾਤ ਦੇ ਬਾਰੇ ਵਿੱਚ ਝੂਠ ਬੋਲਿਆ ਸੀ। ਟਰੰਪ ਦੇ ਸਾਬਕਾ ਵਕੀਲ ਮਾਈਕਲ ਕੋਹੇਨ ਨੇ ਇੱਕ ਪੋਰਨ ਸਟਾਰ ਨੂੰ ਭਾਰੀ ਭਰਕਮ ਭੁਗਤਾਨ ਕਰਨ ਅਤੇ ਜਾਂਚਕਾਰਾਂ ਕੋਲ ਝੂਠ ਬੋਲਣ ਬਦਲੇ ਜੇਲ੍ਹ ਦੀ ਸਜ਼ਾ ਹੋ ਸਕਦੀ ਹੈ। ਉਨ੍ਹਾਂ ਨੇ ਟਰੰਪ ਦੇ ਕਹਿਣ 'ਤੇ ਇਹ ਭੁਗਤਾਨ ਕੀਤਾ ਸੀ। ਸਰਕਾਰੀ ਵਕੀਲ ਨੇ ਮੈਨਹਟਨ ਦੀ ਜ਼ਿਲ੍ਹਾ ਅਦਾਲਤ ਦੇ ਜੱਜ ਵਿਲੀਅਮ ਪਾਓਲੇ ਤੋਂ ਇਨ੍ਹਾਂ ਕੇਸਾਂ ਵਿੱਚ ਕੋਹੇਨ ਲਈ ਸਜ਼ਾ ਮੰਗੀ ਹੈ। ਕੋਹੇਨ ਦੀ ਸਜ਼ਾ 'ਤੇ ਜੱਜ 12 ਦਸੰਬਰ ਨੂੰ ਆਪਣਾ ਫੈਸਲਾ ਸੁਣਾਉਣਗੇ।

ਅਮਰੀਕਾ ਦੀ ਇੱਕ ਪਾਰਲੀਮੈਂਟਰੀ ਕਮੇਟੀ ਨੇ ਰਾਸ਼ਟਰਪਤੀ ਚੋਣ ਵਿੱਚ ਰੂਸ ਦੇ ਦਖਲ ਬਾਰੇ ਐੱਫ ਬੀ ਆਈ ਦੇ ਸਾਬਕਾ ਡਾਇਰੈਕਟਰ ਜੇਮਸ ਕੋਮੀ ਤੋਂ ਸ਼ੁੱਕਰਵਾਰ ਨੂੰ ਪੁੱਛਗਿੱਛ ਕੀਤੀ ਸੀ। ਕਈ ਘੰਟੇ ਦੀ ਪੁੱਛਗਿੱਛ ਪਿੱਛੋਂ ਪਾਰਲੀਮੈਂਟ ਭਵਨ ਦੇ ਬਾਹਰ ਨਿਕਲਦੇ ਸਮੇਂ ਕੋਮੀ ਨੇ ਮੀਡੀਆ ਨੂੰ ਸਿਰਫ ਇਹ ਕਿਹਾ ਕਿ ਉਹ ਬਾਅਦ ਵਿੱਚ ਕੁਝ ਦੱਸ ਸਕਦੇ ਹਨ। ਟਰੰਪ ਨੇ ਪਿਛਲੇ ਸਾਲ ਐੱਫ ਬੀ ਆਈ ਦੇ ਡਾਇਰੈਕਟਰ ਅਹੁਦੇ ਤੋਂ ਉਨ੍ਹਾਂ ਨੂੰ ਹਟਾ ਦਿੱਤਾ ਸੀ। ਰੂਸੀ ਦਖਲ ਮਾਮਲੇ ਦੀ ਪਾਰਲੀਮੈਂਟਰੀ ਕਮੇਟੀ ਵੀ ਜਾਂਚ ਕਰ ਰਹੀ ਹੈ। ਟਰੰਪ ਨੇ ਕੱਲ੍ਹ ਕਿਹਾ ਕਿ ਲੰਬੀ ਤੇ ਖਰਚੀਲੀ ਜਾਂਚ ਦੇ ਬਾਵਜੂਦ ਕੇਸ ਕਰਨ ਵਾਲੀ ਧਿਰ ਨੂੰ ਰੂਸ ਨਾਲ ਗੰਢਤੁੱਪ ਦਾ ਕੋਈ ਸਬੂਤ ਨਹੀਂ ਮਿਲਿਆ। ਰੂਸ ਪਹਿਲਾਂ ਇਸ ਨੂੰ ਰੱਦ ਕਰ ਚੁੱਕਾ ਹੈ ਕਿ ਉਸ ਨੇ ਟਰੰਪ ਦੀ ਮਦਦ ਲਈ ਰਾਸ਼ਟਰਪਤੀ ਚੋਣ ਵਿੱਚ ਦਖਲ ਦਿੱਤਾ ਸੀ।

## ਡੇਰਾ ਪ੍ਰੇਮੀ ਮਹਿੰਦਰਪਾਲ ਬਿੱਟੂ ਦੀ ਜ਼ਮਾਨਤ ਅਰਜ਼ੀ ਰੱਦ

ਫਰੀਦਕੋਟ, 9 ਦਸੰਬਰ (ਪੋਸਟ ਬਿਊਰੋ)- ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿਖੇ ਇੱਕ ਜੂਨ 2015 ਸ੍ਰੀ ਗੁਰੂ ਗਰੰਥ ਸਾਹਿਬ ਦੀ ਬੀੜ ਚੋਰੀ ਕਰਾਉਣ ਅਤੇ ਬਰਗਾੜੀ ਦੇ ਗੁਰਦੁਆਰਾ ਸਾਹਿਬ ਵਿਖੇ ਹੋਈ ਬੇਅਦਬੀ ਆਦਿ ਦੇ ਕੇਸਾਂ ਦੀ ਪੜਤਾਲ ਕਰ ਰਹੀ ਜਾਂਚ ਟੀਮ ਵੱਲੋਂ ਗ੍ਰਿਫਤਾਰ ਕੀਤੇ ਮਹਿੰਦਰਪਾਲ ਬਿੱਟੂ ਦੀ ਜ਼ਮਾਨਤ ਅਰਜ਼ੀ ਸਥਾਨਕ ਜੁਡੀਸ਼ਲ ਮੈਜਿਸਟਰੇਟ ਏਕਤਾ ਉਪਲ ਨੇ ਰੱਦ ਕਰ ਦਿੱਤੀ ਹੈ।

ਵਰਨਣ ਯੋਗ ਹੈ ਕਿ ਸਿਟੀ ਪੁਲਸ ਕੋਟਕਪੂਰਾ ਨੇ ਏ ਐੱਸ ਆਈ ਪ੍ਰੀਤਮ ਸਿੰਘ ਦੀ ਸ਼ਿਕਾਇਤ ਉੱਤੇ 13 ਜੂਨ 2018 ਨੂੰ ਮਹਿੰਦਰਪਾਲ ਬਿੱਟੂ ਦੇ ਖਿਲਾਫ ਧਾਰਾ 295 ਏ ਅਤੇ ਗੜਬੜ ਰੋਕੂ ਐਕਟ ਦੀ ਧਾਰਾ 17 ਦਾ ਕੇਸ ਦਰਜ ਕਰ ਕੇ ਦੋਸ਼ ਲਾਇਆ ਸੀ ਕਿ ਉਸ ਨੇ ਆਪਣੇ ਘਰ ਵਿੱਚ ਇਤਰਾਜ਼ ਯੋਗ ਜਗ੍ਹਾ 'ਤੇ ਗੁਰੂ ਨਾਨਕ ਦੇਵ ਜੀ ਦੀ ਸਾਖੀ ਰੱਖੀ ਸੀ ਤੇ ਇਸ ਤੋਂ ਇਲਾਵਾ ਪੁਲਸ ਨੂੰ ਤਲਾਸ਼ੀ ਵਿੱਚ 23 ਚੱਲੇ ਹੋਏ ਕਾਰਤੂਸ ਮਿਲੇ ਸਨ। ਪੁਲਸ ਨੇ ਉਸ ਨੂੰ ਬੁਰਜ ਜਵਾਹਰ ਸਿੰਘ ਵਾਲਾ ਅਤੇ ਬਰਗਾੜੀ ਵਿਖੇ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਵਿੱਚ ਵੀ ਦੋਸ਼ੀ ਨਾਮਜ਼ਦ ਕੀਤਾ ਹੈ। ਇਸ ਤੋਂ ਇਲਾਵਾ ਮੋਗਾ ਵਿੱਚ ਸੱਤ ਸਾਲ ਪਹਿਲਾਂ ਦਰਜ ਹੋਏ ਇੱਕ ਕੇਸ ਅਤੇ ਸੰਗਰੂਰ ਜ਼ਿਲ੍ਹੇ ਵਿੱਚ ਪ੍ਰੇਮੀਆਂ ਖਿਲਾਫ ਦਰਜ ਹੋਏ 11 ਕੇਸਾਂ ਵਿੱਚ ਮਹਿੰਦਰਪਾਲ ਬਿੱਟੂ ਨੂੰ ਦੋਸ਼ੀ ਵਜੋਂ ਨਾਮਜ਼ਦ ਕੀਤਾ ਗਿਆ ਹੈ। ਪੁਲਸ ਵੱਲੋਂ ਮਹਿੰਦਰਪਾਲ ਦੇ ਨਾਲ ਡੇਰਾ ਪ੍ਰੇਮੀ ਸ਼ਕਤੀ ਸਿੰਘ ਅਤੇ ਸੁਖਜਿੰਦਰ ਸਿੰਘ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਸੀ।

## ਪੰਜਾਬ ਦੇ ਇੱਕ ਲੱਖ ਤੋਂ ਵੱਧ ਕਿਸਾਨਾਂ ਦਾ 1771 ਕਰੋੜ ਰੁਪਏ ਦਾ ਕਰਜ਼ਾ ਹੋਰ ਮੁਆਫ਼

ਪਟਿਆਲਾ, 9 ਦਸੰਬਰ, (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਢਾਈ ਏਕੜ ਤੱਕ ਜ਼ਮੀਨੀ ਮਾਲਕੀ ਵਾਲੇ 1,09,730 ਕਿਸਾਨਾਂ ਨੂੰ ਵਪਾਰਕ ਬੈਂਕਾਂ ਤੋਂ ਲਏ 1771 ਕਰੋੜ ਦੇ ਕਰਜ਼ੇ ਤੋਂ ਮੁਆਫੀ ਦਿਵਾ ਦਿੱਤੀ ਹੈ। ਇਸ ਦੇ ਨਾਲ ਦਾਅਵਾ ਕਰ ਦਿੱਤਾ ਗਿਆ ਹੈ ਕਿ ਅਗਲੇ ਪੜਾਅ ਵਿੱਚ ਢਾਈ ਤੋਂ ਪੰਜ ਏਕੜ ਜ਼ਮੀਨ ਵਾਲੇ ਕਿਸਾਨਾਂ ਅਤੇ ਬੇਜ਼ਮੀਨੇ ਕਾਮਿਆਂ ਦਾ ਵੀ ਕਰਜ਼ਾ ਮੁਆਫ਼ ਕਰ ਦਿੱਤਾ ਜਾਵੇਗਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਹ ਐਲਾਨ ਅੱਜ ਏਥੇ ਓਮੈਕਸ ਸਿਟੀ ਵਿਚ ਹੋਏ ਸੂਬਾ ਪੱਧਰੀ ਸਮਾਗਮ ਵਿੱਚ ਕਿਸਾਨਾਂ ਨੂੰ ਕਰਜ਼ਾ ਮੁਕਤੀ ਵਾਲੇ ਸਰਟੀਫਿਕੇਟ ਦੇਣ ਮੌਕੇ ਕੀਤਾ। ਇਹ ਮੁਆਫ਼ੀ ਦੋ ਲੱਖ ਰੁਪਏ ਤੱਕ ਦੇ ਕਰਜ਼ੇ ਉੱਤੇ ਆਧਾਰਤ ਹੈ।

ਇਸ ਮੌਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦੱਸਿਆ ਕਿ ਇਸ ਕਿਸ਼ਤ ਨਾਲ ਅੱਜ ਤੱਕ ਕਰੀਬ 4.28 ਲੱਖ ਕਿਸਾਨਾਂ ਦਾ 3586 ਕਰੋੜ ਰੁਪਏ ਦਾ ਕਰਜ਼ਾ ਮੁਆਫ਼ ਕਰ ਦਿੱਤਾ ਗਿਆ ਹੈ, ਕਿਉਂਕਿ ਇਸ ਤੋਂ



ਪਹਿਲਾਂ 3.18 ਲੱਖ ਕਿਸਾਨਾਂ ਦਾ ਕੋਆਪਰੇਟਿਵ ਬੈਂਕਾਂ ਦਾ 1815 ਕਰੋੜ ਦਾ ਕਰਜ਼ਾ ਮੁਆਫ਼ ਕੀਤਾ ਜਾ ਚੁੱਕਾ ਹੈ। ਤੀਜੇ ਤੇ ਚੌਥੇ ਪੜਾਅ ਵਿੱਚ ਕੋਆਪਰੇਟਿਵ ਬੈਂਕਾਂ ਨਾਲ ਸੰਬੰਧਤ 2.15 ਲੱਖ ਕਿਸਾਨਾਂ ਅਤੇ ਵਪਾਰਕ ਬੈਂਕਾਂ ਦੇ 50752 ਛੋਟੇ ਕਿਸਾਨਾਂ ਦਾ ਕਰਜ਼ਾ ਵੀ ਮੁਆਫ਼ ਹੋਵੇਗਾ ਅਤੇ ਸਰਕਾਰ ਆਪਣੇ ਵਾਅਦੇ ਉੱਤੇ ਪੂਰਾ ਉੱਤਰੇਗੀ। ਮੁੱਖ ਮੰਤਰੀ ਨੇ ਦੱਸਿਆ ਕਿ ਉਨ੍ਹਾਂ ਨੇ ਅੱਜ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਖੰਡ ਤੇ ਆਲੂ ਦੀ ਫਸਲ ਨੂੰ ਵੀ ਕੇਂਦਰੀ ਏਸ਼ੀਅਨ ਦੇਸ਼ਾਂ ਵਿਚ ਐਕਸਪੋਰਟ ਲਈ ਵਿਸ਼ੇਸ਼ ਸੂਚੀ ਵਿਚ ਸ਼ਾਮਲ ਕਰਨ ਨੂੰ ਕਿਹਾ ਹੈ, ਜਿਸ ਨਾਲ ਪੰਜਾਬ ਦੇ ਗੰਨਾ ਕਿਸਾਨਾਂ ਅਤੇ ਆਲੂ ਉਤਪਾਦਕਾਂ ਨੂੰ ਵੱਡਾ ਲਾਭ ਮਿਲੇਗਾ।

## ਟਰੱਕ ਥੱਲੇ ਕਾਰ ਜਾ ਵੜਨ ਨਾਲ ਦੋ ਥਾਣੇਦਾਰਾਂ ਦੀ ਮੌਤ

ਬਰਨਾਲਾ, 9 ਦਸੰਬਰ (ਪੋਸਟ ਬਿਊਰੋ)- ਸਰਦੀ ਦੇ ਮੌਸਮ ਦੀ ਪਹਿਲੀ ਧੁੰਦ ਕਾਰਨ ਕੱਲ੍ਹ ਸਵੇਰੇ ਬਰਨਾਲਾ ਖੇਤਰ ਵਿੱਚ ਦੋ ਜਣਿਆਂ ਦੀ ਮੌਤ ਹੋ ਗਈ ਤੇ ਦੋ ਜ਼ਖਮੀ ਹੋ ਗਏ ਜਿਨ੍ਹਾਂ ਨੂੰ ਲੁਧਿਆਣੇ ਰੈਫਰ ਕਰ ਦਿੱਤਾ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਕਸਬਾ ਹੰਡਿਆਇਆ ਵਿਖੇ ਕੱਲ੍ਹ ਸਵੇਰੇ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਦੀ ਬ੍ਰਾਂਚ ਦੇ ਗੇਟ ਸਾਹਮਣੇ ਸੰਘਣੀ ਧੁੰਦ ਦੀ ਕਾਰਨ ਤੇਜ਼ ਰਫਤਾਰ ਕਾਰ ਪਿੱਛੇ ਟਕਰਾ ਗਈ। ਟੱਕਰ ਕਾਰ ਸਵਾਰ ਪੁਲਸ ਦੇ ਸਹਾਇਕ ਥਾਣੇਦਾਰ ਗੁਰਮੀਤ ਸਿੰਘ ਅਤੇ ਮਲਕੀਤ ਸਿੰਘ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਪਿਛਲੀ ਸੀਟ ਉਤੇ ਬੈਠੇ ਥਾਣੇਦਾਰ ਰਛਪਾਲ ਸਿੰਘ ਤੇ ਸਾਧੂ ਸਿੰਘ ਜ਼ਖਮੀ ਹੋ ਗਏ। ਇਸ ਬਾਰੇ ਥਾਣਾ ਸਿਟੀ ਦੋ ਦੇ ਇੰਚਾਰਜ ਮਨਜੀਤ ਸਿੰਘ ਨੇ ਦੱਸਿਆ ਕਿ ਚਾਰੇ ਪੁਲਸ ਮੁਲਾਜ਼ਮ ਮਲੋਟ ਤੋਂ ਪਟਿਆਲਾ ਡਿਊਟੀ ਜਾ ਰਹੇ ਹਨ ਤੇ ਟਰੱਕ ਹਨੂਮਾਨਗੜ੍ਹ ਤੋਂ ਲੁਧਿਆਣਾ ਜਾ ਰਿਹਾ ਸੀ। ਅਚਾਨਕ ਹੰਡਿਆਇਆ ਕੋਲ ਇਹ ਹਾਦਸਾ ਵਾਪਰ ਗਿਆ। ਇਸ ਘਟਨਾ ਦੀ ਜਾਣਕਾਰੀ ਜਦੋਂ ਹਾਈਵੇ ਪੁਲਸ ਪਿਕਅਪ ਟੀਮ ਨੂੰ ਮਿਲੀ ਤਾਂ ਉਨ੍ਹਾਂ ਤੁਰੰਤ ਘਟਨਾ ਸਥਾਨ 'ਤੇ ਪਹੁੰਚ ਕੇ ਕਾਰ ਨੂੰ ਟਰੱਕ ਹੇਠੋਂ ਬਾਹਰ ਕੱਢਿਆ ਤੇ ਫਿਰ ਇਸ ਵਿੱਚ ਸਵਾਰ ਪੁਲਸ ਮੁਲਾਜ਼ਮਾਂ ਨੂੰ ਬਾਹਰ ਕੱਢਿਆ। ਜ਼ਖਮੀਆਂ ਨੂੰ ਸਿਵਲ ਹਸਪਤਾਲ ਬਰਨਾਲਾ ਦਾਖਲ ਕਰਾਇਆ ਗਿਆ ਜਿੱਥੋਂ ਆਦੇਸ਼ ਹਸਪਤਾਲ ਬਠਿੰਡਾ ਰੈਫਰ ਕਰ ਦਿੱਤਾ ਗਿਆ। ਪੁਲਸ ਨੇ ਟਰੱਕ ਡਰਾਈਵਰ ਕ੍ਰਿਸ਼ਨ ਮੀਨਾ ਵਾਸੀ ਰਾਜਸਤਾਨ ਖਿਲਾਫ ਮਾਮਲਾ ਦਰਜ ਕਰ ਕੇ ਹਾਦਸੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਵਰਨਣ ਯੋਗ ਹੈ ਕਿ ਇਹ ਚਾਰੇ ਜਣੇ ਕੁਝ ਸਮਾਂ ਪਹਿਲਾਂ ਏ ਐੱਸ ਆਈ ਬਣੇ ਸਨ ਤੇ ਫਿਲੌਰ ਵਿੱਚ ਸਿਖਲਾਈ ਚੱਲ ਰਹੀ ਸੀ।

## ਸਿਟੀ ਸੈਂਟਰ ਮਾਮਲੇ ਵਿਚ ਸਾਬਕਾ ਡੀ ਜੀ ਪੀ ਸੈਣੀ ਦੀ ਅਰਜ਼ੀ ਉਤੇ ਪੰਜਾਬ ਸਰਕਾਰ ਵੱਲੋਂ ਜਵਾਬ ਪੇਸ਼

ਲੁਧਿਆਣਾ, 9 ਦਸੰਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਹੋਰਨਾਂ ਦੇ ਖਿਲਾਫ ਲੁਧਿਆਣਾ ਦੇ ਜ਼ਿਲ੍ਹਾ ਅਤੇ ਸੈਸ਼ਨ ਜੱਜ ਗੁਰਬੀਰ ਸਿੰਘ ਦੀ ਅਦਾਲਤ ਵਿੱਚ ਚੱਲ ਰਹੇ ਬਹੁ ਚਰਚਿਤ ਸਿਟੀ ਸੈਂਟਰ ਕੇਸ ਵਿੱਚ ਪੰਜਾਬ ਪੁਲਸ ਦੇ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਵੱਲੋਂ ਵਿਜੀਲੈਂਸ ਪੁਲਸ ਦੀ ਕੈਂਸਲੇਸ਼ਨ ਰਿਪੋਰਟ ਦੇ ਖਿਲਾਫ ਇੱਕ ਅਰਜ਼ੀ ਦਿੱਤੀ ਗਈ ਸੀ। ਇਸ ਦਾ ਜਵਾਬ ਕੱਲ੍ਹ ਪੰਜਾਬ ਦੇ ਪ੍ਰੋਸੀਕਿਊਸ਼ਨ ਵਿਭਾਗ ਨੇ ਅਦਾਲਤ ਵਿੱਚ ਦਾਖਲ ਕਰ ਦਿੱਤਾ ਹੈ, ਜਿਸ ਵਿੱਚ ਉਨ੍ਹਾਂ ਨੇ ਸੁਮੇਧ ਸੈਣੀ ਉੱਤੇ ਹੀ ਕਈ ਗੰਭੀਰ ਦੋਸ਼ ਲਾ ਦਿੱਤੇ ਹਨ।

ਮਿਲੀ ਜਾਣਕਾਰੀ ਅਨੁਸਾਰ ਪ੍ਰੋਸੀਕਿਊਸ਼ਨ ਵਿਭਾਗ ਪੰਜਾਬ ਦੇ ਡਾਇਰੈਕਟਰ ਵਿਜੇ ਸਿੰਗਲਾ ਤੇ ਜ਼ਿਲ੍ਹਾ ਅਟਾਰਨੀ ਰਵਿੰਦਰ ਕੁਮਾਰ ਅਬਰੋਲ ਨੇ ਅਦਾਲਤ ਵਿੱਚ ਦਿੱਤੇ ਜਵਾਬ ਵਿੱਚ ਦੋਸ਼ ਲਾਇਆ ਕਿ ਸੁਮੇਧ ਸੈਣੀ ਵੱਲੋਂ ਅਦਾਲਤ ਵਿੱਚ ਦਿੱਤੀ ਗਈ ਅਰਜ਼ੀ ਤੋਂ



ਸਾਬਤ ਹੁੰਦਾ ਹੈ ਕਿ ਉਨ੍ਹਾਂ ਨੇ ਸਿਟੀ ਸੈਂਟਰ ਕੇਸ ਦੀ ਜਾਂਚ ਨਿਰਪੱਖ ਢੰਗ ਨਾਲ ਨਹੀਂ ਕੀਤੀ ਸੀ ਤੇ ਸਿਆਸੀ ਦੋਸ਼ਾਂ ਦੇ ਕਾਰਨ ਇਹ ਕੇਸ ਦਰਜ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਸੈਣੀ ਨੇ ਆਪਣੀ ਅਰਜ਼ੀ ਵਿੱਚ ਇਹ ਕਿਹਾ ਹੈ ਕਿ ਉਹ ਅਦਾਲਤ ਵਿੱਚ ਸਿਟੀ ਸੈਂਟਰ ਕੇਸ ਨਾਲ ਸੰਬੰਧਤ ਕੁਝ ਅਹਿਮ ਦਸਤਾਵੇਜ਼ ਬੰਦ ਲਿਫਾਫੇ ਵਿੱਚ ਦੇਣਾ ਚਾਹੁੰਦੇ ਹਨ, ਜਿਸ ਤੋਂ ਸਾਫ ਹੈ ਕਿ ਸੈਣੀ ਨੇ ਜਾਣਬੁੱਝ ਕੇ ਕੇਸ ਦਰਜ ਹੋਣ ਵੇਲੇ ਆਪਣੇ ਇਸ ਦਾਅਵੇ ਵਿੱਚ ਦੱਸੇ ਜਾ ਰਹੇ ਦਸਤਾਵੇਜ਼ ਲੁਕਾਏ ਸਨ ਅਤੇ ਜਾਂਚ ਨਿਰਪੱਖ ਢੰਗ ਨਾਲ ਨਹੀਂ ਸੀ ਹੋਣ ਦਿੱਤੀ। ਉਨ੍ਹਾਂ ਇਹ ਵੀ ਕਿਹਾ ਕਿ ਸੈਣੀ ਨਾ ਤਾਂ ਇਸ ਕੇਸ ਵਿੱਚ ਸ਼ਿਕਾਇਤ ਕਰਤਾ ਹੈ ਅਤੇ ਨਾ ਸਿਟੀ ਸੈਂਟਰ ਕੇਸ ਦਰਜ ਹੋਣ ਅਤੇ ਚਾਰਜਸ਼ੀਟ ਪੇਸ਼ ਹੋ ਜਾਣ ਤੱਕ ਲਾਏ ਗਏ ਸਾਰੇ ਦਸਤਾਵੇਜ਼ਾਂ ਉੱਤੇ ਉਸ ਦੇ ਦਸਤਖਤ ਹਨ। ਉਨ੍ਹਾਂ ਕਿਹਾ ਕਿ ਸੈਣੀ ਦੀ ਇਸ ਅਰਜ਼ੀ ਦਾ ਕੋਈ ਕਾਨੂੰਨੀ ਆਧਾਰ ਨਹੀਂ ਹੈ, ਕਿਉਂਕਿ ਸੈਣੀ ਸੇਵਾ-ਮੁਕਤ ਹੋ ਚੁੱਕੇ ਹਨ ਅਤੇ ਉਨ੍ਹਾਂ ਦਾ ਇਸ ਕੇਸ ਨਾਲ ਕੋਈ ਲੈਣਾ-ਦੇਣਾ ਨਹੀਂ। ਉਨ੍ਹਾਂ ਕਿਹਾ ਕਿ ਸੈਣੀ ਬੇਵਜ੍ਹਾ ਇਹ ਅਰਜ਼ੀ ਪੇਸ਼ ਕਰ ਕੇ ਪਬਲੀਸਿਟੀ ਹਾਸਲ ਕਰਨਾ ਚਾਹੁੰਦੇ ਹਨ। ਕੇਸ ਦੀ ਅਗਲੀ ਸੁਣਵਾਈ 17 ਦਸੰਬਰ ਨੂੰ ਹੋਵੇਗੀ।


# Real Estate Exam Prep

ਰਿਐਲਟਰ ਬਣਨ ਦਾ ਸੁਨਿਹਰੀ ਮੌਕਾ,
ਲੰਘ ਗਿਆ ਸਮਾਂ ਹੱਥ ਨਹੀਂ ਆਉਣਾ

**The Rules are changing**
**For Real Estate Licence**

It will become a Full Time College course soon!
To Avoid going to college for 2-3 Years, Join Now

Pass each exam in just 2 weeks
- Easy to Understand Material
- Important Practice Questions
- Limited Summarized Material

Call: 647-625-7961




2250 Bovaird Dr E, Unit#407, Medical Building
Behind RBC, Sunny Meadow/Bovaird

# ਸੰਪਾਦਕੀ

## ਨਿਆਗਾਰਾ ਕਾਲਜ ਦੀ 'ਭਾਰਤੀ ਵਿੱਦਿਆਰਥੀਆਂ ਨੂੰ ਚੇਤਾਵਨੀ ਦੇ ਮਾਅਨੇ

ਜਾਪਦਾ ਹੈ ਕਿ ਨਿਆਗਾਰਾ ਕਾਲਜ ਨੇ ਉਹ ਕਰ ਵਿਖਾਇਆ ਹੈ ਜੋ ਕੈਨੇਡਾ ਦੇ ਬਾਕੀ ਕਾਲਜ/ਯੂਨੀਵਰਸਿਟੀਆਂ ਫੀਸਾਂ ਤੋਂ ਬਣਦੇ ਡਾਲਰਾਂ ਨੂੰ ਗੁਆਉਣੋਂ ਡਰ ਕਾਰਨ ਝਿਜਕਦੇ ਰਹੇ ਹਨ ਅਤੇ ਜਿਸਦੀ ਚਰਚਾ ਭਾਰਤੀ ਮੂਲ ਦੇ ਲੋਕਾਂ ਖਾਸ ਕਰਕੇ ਅੰਤਰਰਾਸ਼ਟਰੀ ਵਿੱਦਿਆਰਥੀ ਭਾਈਚਾਰੇ ਵਿੱਚ ਕਾਫੀ ਦੇਰ ਤੋਂ ਚੱਲਦੀ ਆ ਰਹੀ ਸੀ। ਨਿਆਗਾਰਾ ਕਾਲਜ ਨੇ ਭਾਰਤ ਤੋਂ ਆਉਣ ਵਾਲੇ 400 ਤੋਂ ਵੱਧ ਅੰਤਰਰਾਸ਼ਟਰੀ ਵਿੱਦਿਆਰਥੀਆਂ ਨੂੰ ਲਿਖਤੀ ਰੂਪ ਵਿੱਚ ਇਤਲਾਹ ਦਿੱਤੀ ਹੈ ਕਿ ਉਹ ਕਾਲਜ ਵਿੱਚ ਦਾਖ਼ਲੇ ਲਈ ਲੋੜੀਂਦੇ ਅੰਗਰੇਜ਼ੀ ਟੈਸਟ ਨੂੰ ਦੁਬਾਰਾ ਲਿਖ ਕੇ ਟੈਸਟ ਨਤੀਜੇ ਭੇਜਣ। ਕੈਨੇਡਾ ਪੜਨ ਆਉਣ ਵਾਲੇ ਇਹਨਾਂ ਵਿੱਦਿਆਰਥੀਆਂ ਨੇ ਆਸਟਰੇਲੀਆ ਆਧਾਰਤ 'ਆਈ ਡੀ ਪੀ' (IDP) ਤੋਂ ਆਈਲੈਟਸ (IELTS) ਪਾਸ ਕੀਤੇ ਹੋਏ ਹਨ। ਚਰਚਾ ਵਿੱਚ ਆਏ ਇਹਨਾਂ ਵਿੱਦਿਆਰਥੀਆਂ ਦੇ ਕੋਰਸ ਜਨਵਰੀ 2019 ਤੋਂ ਆਰੰਭ ਹੋਣੇ ਹਨ।

ਖਬਰਾਂ ਮੁਤਾਬਕ ਨਿਆਗਾਰਾ ਕਾਲਜ ਵੱਲੋਂ ਕੀਤੀ ਗਈ ਜਾਂਚ ਤੋਂ ਬਾਅਦ ਪਤਾ ਲੱਗਿਆ ਕਿ ਵੱਡੀ ਗਿਣਤੀ ਵਿੱਚ ਅੰਤਰਰਾਸ਼ਟਰੀ ਵਿੱਦਿਆਰਥੀ ਕਾਲਜ ਵਿੱਚ ਪੜਾਈ ਲਈ ਲੋੜੀਂਦੀ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਨਾ ਹੋਣ ਕਾਰਣ ਫੇਲ੍ਹ ਹੋ ਰਹੇ ਹਨ। ਬੀਤੇ ਸਾਲਾਂ ਵਿੱਚ ਅਜਿਹੇ ਵਿੱਦਿਆਰਥੀਆਂ ਦੀ ਗਿਣਤੀ 150 ਦੇ ਕਰੀਬ ਹੁੰਦੀ ਸੀ ਪਰ ਪਿਛਲੇ ਸਾਲ ਇਹ 300 ਪੁੱਜ ਗਈ। ਕਾਲਜ ਨੇ ਸਮੱਸਿਆ ਨੂੰ ਡੂੰਘਾਈ ਨਾਲ ਜਾਨਣ ਲਈ ਅੰਤਰਰਾਸ਼ਟਰੀ ਵਿੱਦਿਆਰਥੀਆਂ ਨੂੰ ਇੱਕ ਟੈਸਟ ਵਿੱਚ ਬੈਠਣ ਲਈ ਕਿਹਾ। ਟੈਸਟ ਦੇ ਨਤੀਜੇ ਸਪੱਸ਼ਟ ਸਨ ਕਿ ਵਿੱਦਿਆਰਥੀਆਂ ਕੋਲ ਅੰਗਰੇਜ਼ੀ ਵਿੱਚ ਬਣਦੀ ਮੁਹਾਰਤ ਨਾ ਹੋਣਾ ਇੱਕ ਵੱਡੀ ਸਮੱਸਿਆ ਹੈ। ਕਾਲਜ ਲਈ ਇਹ ਸੋਚਣਾ ਬਣਦਾ ਸੀ ਕਿ ਚੰਗੇ ਬੈਂਡ ਨਾਲ ਆਈਲੈਟਸ ਪਾਸ ਕਰਕੇ ਆਇਆਂ ਨੂੰ ਇਹ ਦਿੱਕਤ ਕਿਉਂ ਆ ਰਹੀ ਹੈ। ਜਾਂਚ ਤੋਂ ਪਤਾ ਲੱਗਾ ਕਿ ਫੇਲ ਹੋਣ ਵਾਲੇ ਜ਼ਿਆਦਾਤਰ ਵਿੱਦਿਆਰਥੀਆਂ ਨੇ ਇਹ ਟੈਸਟ ਆਈ ਡੀ ਪੀ ਰਾਹੀਂ ਦਿੱਤੇ ਹੋਏ ਸਨ।

ਚੇਤੇ ਰਹੇ ਕਿ ਆਈ ਡੀ ਪੀ ਇੱਕ ਅੰਤਰਰਾਸ਼ਟਰੀ ਵਿੱਦਿਅਕ ਸੰਸਥਾ ਹੈ ਜੋ ਆਸਟਰੇਲੀਆ, ਨਿਊਜ਼ੀਲੈਂਡ, ਅਮਰੀਕਾ, ਇੰਗਲੈਂਡ ਅਤੇ ਕੈਨੇਡਾ ਆਦਿ ਦੇਸ਼ਾਂ ਦੀਆਂ ਯੂਨੀਵਰਸਿਟੀਆਂ/ਕਾਲਜਾਂ ਵਿੱਚ ਵਿੱਦਿਆਰਥੀ ਦਾਖ਼ਲ ਕਰਨ ਦਾ ਬਿਜਸਨ ਕਰਦੀ ਹੈ। ਆਈਲੈਟਸ ਟੈਸਟ ਕਰਵਾਉਣਾ ਇਸਦੇ ਕਈ ਕੰਮਾਂ ਵਿੱਚੋਂ ਇੱਕ ਹੈ। ਵਿਸ਼ਵ ਭਰ ਦੀਆਂ 9000 ਤੋਂ ਵੱਧ ਵਿੱਦਿਅਕ ਸੰਸਥਾਵਾਂ ਇਸ ਵੱਲੋਂ ਕਰਵਾਏ ਗਏ ਆਈਲੈਟਸ ਦੀ ਭਰੋਸੇਯੋਗਤਾ ਉੱਤੇ ਨਿਰਭਰ ਕਰਦੀਆਂ ਹਨ। ਆਈਲੈਟਸ ਟੈਸਟ ਕਰਵਾਉਣ ਲਈ ਇਸ ਕੋਲ 35 ਦੇਸ਼ਾਂ ਵਿੱਚ 200 ਤੋਂ ਵੱਧ ਟੈਸਟ ਕੇਂਦਰਾਂ ਦਾ ਨੈੱਟਵਰਕ ਹੈ। ਭਾਰਤ ਵਰਗੇ ਕਈ ਮੁਲਕਾਂ ਵਿੱਚ ਜਿੱਥੇ ਕਿਸੇ ਵੀ ਬਹਾਨੇ ਕੈਨੇਡਾ, ਅਮਰੀਕਾ, ਆਸਟਰੇਲੀਆ ਆਦਿ ਆਉਣ ਦਾ ਅਜਿਹਾ ਭੂਤ ਸਵਾਰ ਹੈ, ਉੱਥੇ ਲੋਕੀ ਫਰਾਡ ਰਾਹੀਂ ਆਈਲੈਟਸ ਸਰਟੀਫੀਕੇਟ ਹਾਸਲ ਕਰਨ ਵਿੱਚ ਹਿਚਕਚਾਹਟ ਨਹੀਂ ਵਿਖਾਉਂਦੇ।

ਮਈ 2018 ਵਿੱਚ ਚੰਡੀਗੜ੍ਹ ਪੁਲੀਸ ਨੇ 15 ਬੰਦਿਆਂ ਨੂੰ ਗ੍ਰਿਫਤਾਰ ਕੀਤਾ ਸੀ ਜੋ ਹੋਰਾਂ ਲਈ ਆਈਲੈਟਸ ਟੈਸਟ ਲਿਖਣ ਬੈਠੇ ਹੋਏ ਸਨ। ਏਜੰਟਾਂ ਵੱਲੋਂ ਅਜਿਹੇ ਲੋਕਾਂ ਨੂੰ 30 ਤੋਂ 50 ਹਜ਼ਾਰ ਰੁਪਏ ਦਿੱਤੇ ਜਾਂਦੇ ਹਨ ਜਦੋਂ ਕਿ ਅਸਾਮੀ ਤੋਂ 2 ਤੋਂ 3 ਲੱਖ ਰੁਪਏ ਲਏ ਜਾਂਦੇ ਹਨ। ਇੱਕਲੇ ਪਟਿਆਲੇ ਸ਼ਹਿਰ ਵਿੱਚ 84 ਟਰੈਵਲ ਏਜੰਟ ਰਜਿਸਟਰਡ ਹਨ ਜਿਹਨਾਂ ਦਾ ਬਿਜਸਨ ਆਈਲੈਟਸ ਵਿੱਚ ਸਫ਼ਲਤਾ ਦੇ ਆਧਾਰ ਉੱਤੇ ਟਿਕਿਆ ਹੋਇਆ ਹੈ। ਅਣਰਜਿਸਟਰਡ ਏਜੰਟਾਂ ਦਾ ਕੋਈ ਪਤਾ ਨਹੀਂ। ਪਟਿਆਲਾ ਪੁਲੀਸ ਨੇ ਅਗਸਤ ਅਤੇ ਸਤੰਬਰ 2018 ਵਿੱਚ 30 ਕੇਸ ਦਰਜ ਕਰਕੇ 2 ਕਰੋੜ 92 ਲੱਖ ਰੁਪਏ ਦੀ ਧੋਖਾਧੜੀ ਹੋ ਜਾਣ ਦੀ ਪੁਸ਼ਟੀ ਕੀਤੀ ਹੈ। ਹੈਦਰਾਬਾਦ ਇਨਫਰਮੇਸ਼ਨ ਤਕਨਾਲੋਜੀ ਦੀ ਹੱਬ ਵਜੋਂ ਤਾਂ ਜਾਣਿਆ ਹੀ ਜਾਂਦਾ ਹੈ ਪਰ ਫਰਾਡ ਆਈਲੈਟਸ ਟੈਸਟਾਂ ਦੀ ਰਾਜਧਾਨੀ ਵਜੋਂ ਵੀ ਮਸ਼ਹੂਰ ਹੈ। ਦਿੱਲੀ, ਬੰਬਈ ਅਤੇ ਬੈਂਗਲੂਰੂ ਵੀ ਪਿੱਛੇ ਨਹੀਂ ਦੱਸੇ ਜਾਂਦੇ।

ਕੈਨੇਡਾ ਦੀ ਵਿੱਦਿਆ ਦਾ ਅੰਤਰਰਾਸ਼ਟਰੀਕਰਣ ਇੱਕ ਅਜਿਹਾ ਮਹਰਲਾ ਹੈ ਜੋ ਆਸਟਰੇਲੀਆ, ਇੰਗਲੈਂਡ ਅਤੇ ਨਿਊਜ਼ੀਲੈਂਡ ਦੀ ਤਰਜ਼ ਉੱਤੇ ਇੰਮੀਗਰੇਸ਼ਨ ਫਰਾਡ ਨੂੰ ਉਤਸ਼ਾਹਿਤ ਕਰ ਸਕਦਾ ਹੈ। ਕੈਨੇਡਾ ਦੀਆਂ 96% ਯੂਨੀਵਰਸਿਟੀਆਂ ਨੇ ਵਿੱਦਿਆ ਦੇ ਅੰਤਰਰਾਸ਼ਟਰੀ-ਕਰਣ ਨੂੰ ਆਪਣੀ ਰਣਨੀਤਕ ਯੋਜਨਾ ਦਾ ਹਿੱਸਾ ਬਣਾਇਆ ਹੋਇਆ ਹੈ। ਕੈਨੇਡਾ ਦੇ ਕੁੱਲ ਵਿੱਦਿਆਰਥੀਆਂ ਦਾ 11% ਹਿੱਸਾ ਅੰਤਰਰਾਸ਼ਟਰੀ ਹਨ ਜਿਹਨਾਂ ਵੱਲੋਂ ਪੈਦਾ ਕੀਤਾ ਗਿਆ 8 ਬਿਲੀਅਨ ਡਾਲਰ ਦਾ ਸਾਲਾਨਾ ਕਾਰੋਬਾਰ ਵੱਡੀਆਂ ਸੰਭਾਵਨਾਵਾਂ ਨੂੰ ਜਨਮ ਦੇਂਦਾ ਹੈ। ਅੰਤਰਰਾਸ਼ਟਰੀ ਵਿੱਦਿਆਰਥੀਆਂ ਦੇ ਆਉਣ ਨਾਲ ਕੈਨੇਡਾ ਵਿੱਚ 81,000 ਨੌਕਰੀਆਂ ਪੈਦਾ ਹੁੰਦੀਆਂ ਹਨ ਅਤੇ ਇਹਨਾਂ ਦੀਆਂ ਫੀਸਾਂ ਨਾਲ ਸਰਕਾਰ ਦੇ ਖਜਾਨੇ ਵਿੱਚ ਸਾਲਾਨਾ 445 ਮਿਲੀਅਨ ਡਾਲਰ ਜਮ੍ਹਾ ਹੁੰਦੇ ਹਨ।

ਸੋ ਨਿਆਗਾਰਾ ਕਾਲਜ ਵੱਲੋਂ ਵਜਾਇਆ ਗਿਆ ਵਿਗਲ ਜਿੱਥੇ ਭਾਰਤ ਤੋਂ ਆਉਣ ਵਾਲੇ ਵਿੱਦਿਆਰਥੀਆਂ ਲਈ ਚੇਤਾਵਨੀ ਹੈ, ਉੱਥੇ ਕੈਨੇਡੀਅਨ ਵਿੱਦਿਅਕ ਅਦਾਰਿਆਂ ਲਈ ਵੀ ਸੰਕੇਤ ਹੈ ਕਿ ਇਸ ਬਿਜਸਨ ਦੀਆਂ ਪਗਡੰਡੀਆਂ ਨੂੰ ਸਾਫ਼ ਰੱਖਣ ਦੀ ਲੋੜ ਹੈ ਨਹੀਂ ਤਾਂ ਰਸਤੇ ਖਤਰਨਾਕ ਢੰਗ ਨਾਲ ਗੰਧਲੇ ਹੋ ਸਕਦੇ ਹਨ।

## ਇਮਰਾਨ ਖਾਨ ਨੇ ਕਿਹਾ: ਅਮਰੀਕਾ ਸਾਡੇ ਮੋਢੇ ਉੱਤੇ ਰੱਖ ਕੇ ਬੰਦੂਕ ਨਹੀਂ ਚਲਾ ਸਕੇਗਾ

ਇਸਲਾਮਾਬਾਦ, 9 ਦਸੰਬਰ, (ਪੋਸਟ ਬਿਊਰੋ)- ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਿਹਾ ਹੈ ਕਿ ਅਮਰੀਕਾ ਨਾਲ ਉਹ ਓਦਾਂ ਦੇ ਰਿਸ਼ਤੇ ਚਾਹੁੰਦੇ ਹਨ, ਜਿੱਦਾਂ ਦੇ ਚੀਨ ਨਾਲ ਹਨ ਤੇ ਉਹ ਅਮਰੀਕਾ ਨੂੰ ਬੰਦੂਕ ਚਲਾਉਣ ਲਈ ਆਪਣੇ ਮੋਢੇ ਦੀ ਵਰਤੋਂ ਕਰਨ ਦੀ ਆਗਿਆ ਨਹੀਂ ਦੇਣਗੇ। ਵਾਸ਼ਿੰਗਟਨ ਪੋਸਟ ਨੂੰ ਦਿੱਤੇ ਇਕ ਇੰਟਰਵਿਊ ਵਿਚ ਕੱਲ੍ਹ ਇਮਰਾਨ ਖਾਨ ਨੇ ਕਿਹਾ ਕਿ ਮੈਂ ਕਦੇ ਅਜਿਹੇ ਸੰਬੰਧ ਨਹੀਂ ਚਾਹੁੰਦਾ, ਜਿਥੇ ਪਾਕਿਸਤਾਨ ਦੇ ਮੋਢੇ ਉੱਤੇ ਰੱਖ ਕੇ ਬੰਦੂਕ ਚਲਾਈ ਜਾਵੇ ਜਾਂ ਕਿਸੇ ਹੋਰ ਦੀ ਜੰਗ ਲੜਨ ਲਈ ਰਕਮ ਦਿੱਤੀ ਜਾਵੇ। ਉਨ੍ਹਾਂ ਨੇ 1980 ਦੇ ਦਹਾਕੇ ਵਿਚ ਸੋਵੀਅਤ ਯੂਨੀਅਨ ਦੀ ਜੰਗ ਅਤੇ ਅੱਤਵਾਦ ਦੇ ਖਿਲਾਫ ਚੱਲਦੀ ਜੰਗ ਬਾਰੇ ਇਹ ਗੱਲ ਆਖੀ।

ਵਰਨਣ ਯੋਗ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਪਿਛਲੇ ਅਗਸਤ ਵਿਚ ਅਫਗਾਨਿਸਤਾਨ ਅਤੇ ਦੱਖਣੀ ਏਸ਼ੀਆ ਬਾਰੇ ਆਪਣੀ ਨੀਤੀ ਦਾ ਐਲਾਨ ਕਰਨ ਨਾਲ ਦੋਵਾਂ ਦੇਸ਼ਾਂ ਦੇ ਸੰਬੰਧਾਂ ਵਿਚ ਤਣਾਅ ਆ ਗਿਆ ਸੀ। ਟਰੰਪ ਨੇ ਅਫਗਾਨਿਸਤਾਨ ਵਿਚ ਅੱਤਵਾਦ ਦੇ ਏਜੰਟਾਂ ਵਲੋਂ ਅਮਰੀਕੀ ਲੋਕਾਂ ਦੇ ਕਤਲ ਹੋਣ ਮਗਰੋਂ ਪਾਕਿਸਤਾਨ ਵਿਚ ਸੁਰੱਖਿਅਤ ਠਾਹਰਾਂ ਦੇਣ ਕਾਰਨ ਉਸ ਵੱਲ ਨਿਸ਼ਾਨਾ ਸੇਧਿਆ ਸੀ। ਸਤੰਬਰ ਵਿਚ ਅਮਰੀਕਾ ਨੇ ਪਾਕਿਸਤਾਨ ਨੂੰ ਦਿੱਤੀ ਜਾ ਰਹੀ 30 ਕਰੋੜ ਅਮਰੀਕੀ ਡਾਲਰ ਦੀ ਫੌਜੀ ਮਦਦ ਇਹ ਕਹਿ ਕੇ ਰੋਕ ਲਈ ਸੀ ਕਿ ਅੱਤਵਾਦੀ ਸੰਗਠਨਾਂ ਵਿਰੁੱਧ ਉਹ ਠੋਸ ਕਾਰਵਾਈ ਨਹੀਂ ਕਰਦਾ। ਬੀਤੇ ਮਹੀਨੇ ਟਰੰਪ ਨੇ ਫਿਰ ਪਾਕਿਸਤਾਨ ਬਾਰੇ ਕਿਹਾ ਸੀ ਕਿ ਅੱਤਵਾਦ ਰੋਕਣ ਲਈ ਉਹ ਮਦਦ ਨਹੀਂ ਕਰਦਾ। ਇਮਰਾਨ ਨੇ ਕਿਹਾ ਕਿ ਏਥੇ ਨਾ ਸਿਰਫ ਇਨਸਾਨੀ ਜਾਨਾਂ ਦਾ ਘਾਣ ਹੋ ਰਿਹਾ ਹੈ, ਸਾਡੇ ਕਬਾਇਲੀ ਇਲਾਕੇ ਵੀ ਬਰਬਾਦ ਹੋ ਰਹੇ ਹਨ ਅਤੇ ਸਾਡੀ ਮਰਿਆਦਾ ਉਤੇ ਵੀ ਹਮਲਾ ਹੋ ਰਿਹਾ ਹੈ।

PUNJABI RANG RADIO
CHKT 1430AM
11pm to 12am
Every Friday
Chamkaur Singh
Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

Aikam MEDIA GROUP
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

## ਮੁਜ਼ਾਹਰਿਆਂ ਨੂੰ ਰੋਕਣ ਤੇ ਠੋਸ ਮਾਪਦੰਡ ਅਪਨਾਉਣ ਵਾਸਤੇ ਮੈਕਰੌਨ ਉੱਤੇ ਦਬਾਅ ਵਧਿਆ



...ਪੰਨਾ 1 ਦਾ ਬਾਕੀ

ਇਸ ਤੋਂ ਪਹਿਲਾਂ ਸਰਕਾਰੀ ਬੁਲਾਰੇ ਬੈਂਜਾਮਿਨ ਗ੍ਰਿਵਾਕਸ ਨੇ ਇੱਕ ਇੰਟਰਵਿਊ ਵਿੱਚ ਆਖਿਆ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਮੈਕਰੌਨ ਫਰੈਂਚ ਦੇ ਲੋਕਾਂ ਦੇ ਦਿਲਾਂ ਤੱਕ ਪਹੁੰਚਣ ਦਾ ਰਾਹ ਜਾਣਦੇ ਹਨ ਤੇ ਉਨ੍ਹਾਂ ਨੂੰ ਪਤਾ ਹੈ ਕਿ ਉਨ੍ਹਾਂ ਨੇ ਇਨ੍ਹਾਂ ਲੋਕਾਂ ਨਾਲ ਕਿਸ ਤਰ੍ਹਾਂ ਗੱਲ ਕਰਨੀ ਹੈ। ਪਰ ਉਨ੍ਹਾਂ ਇਹ ਵੀ ਆਖਿਆ ਕਿ ਮੁਜ਼ਾਹਰਾਕਾਰੀਆਂ ਦੀਆਂ ਸਾਰੀਆਂ ਦਿੱਕਤਾਂ ਕਿਸੇ ਜਾਦੂ ਦੀ ਛੜੀ ਨਾਲ ਤਾਂ ਹੱਲ ਨਹੀਂ ਹੋਣ ਵਾਲੀਆਂ। ਪਿਛਲੇ ਹਫਤੇ ਮੈਕਰੌਨ ਨੇ ਫਿਊਲ ਟੈਕਸ ਵਿੱਚ ਕੀਤੇ ਵਾਧੇ ਨੂੰ ਵਾਪਿਸ ਲਿਆ ਸੀ। ਇਸ ਮੁੱਦੇ ਕਾਰਨ ਨਵੰਬਰ ਦੇ ਮੱਧ ਤੋਂ ਹੀ ਮੁਜ਼ਾਹਰੇ ਸ਼ੁਰੂ ਹੋ ਗਏ ਸਨ। ਮੈਕਰੌਨ ਵੱਲੋਂ ਅਜਿਹਾ ਮੁਜ਼ਾਹਰਾਕਾਰੀਆਂ ਨੂੰ ਸ਼ਾਂਤ ਕਰਨ ਲਈ ਹੀ ਕੀਤਾ ਗਿਆ ਸੀ। ਪਰ ਇਸ ਕਦਮ ਨੂੰ ਦੇਰੀ ਨਾਲ ਚੁੱਕਿਆ ਗਿਆ ਮਾਮੂਲੀ ਕਦਮ ਦੱਸਿਆ ਗਿਆ।

ਕਈ ਮੁਜ਼ਾਹਰਾਕਾਰੀ ਮੰਨਦੇ ਹਨ ਕਿ ਮੈਕਰੌਨ ਬਹੁਤ ਹੰਕਾਰੀ ਹਨ ਤੇ ਉਨ੍ਹਾਂ ਦੇ ਦਿਲ ਵਿੱਚ ਆਮ ਆਦਮੀਆਂ ਲਈ ਕੋਈ ਦਰਦ ਨਹੀਂ ਹੈ। ਸ਼ਨਿੱਚਰਵਾਰ ਨੂੰ ਵੀ ਉਨ੍ਹਾਂ ਤੋਂ ਅਸਤੀਫੇ ਦੀ ਮੰਗ ਕੀਤੀ ਜਾਂਦੀ ਰਹੀ। ਇਹ ਮੁਜ਼ਾਹਰੇ ਲਗਾਤਾਰ ਚੌਥੇ ਹਫਤੇ ਵਿੱਚ ਪਹੁੰਚ ਗਏ ਹਨ। ਰਿਟਾਇਰ ਲੋਕਾਂ ਨੂੰ ਵੀ ਇਹੋ ਲੱਗ ਰਿਹਾ ਹੈ ਕਿ ਮੈਕਰੌਨ ਸਰਕਾਰ ਦੀਆਂ ਨੀਤੀਆਂ ਕਾਰਨ ਸੱਭ ਤੋਂ ਵੱਧ ਨੁਕਸਾਨ ਉਨ੍ਹਾਂ ਨੂੰ ਹੋ ਰਿਹਾ ਹੈ। ਉਨ੍ਹਾਂ ਦਾ ਵੀ ਇਹੋ ਮੰਨਣਾ ਹੈ ਕਿ ਮੈਕਰੌਨ ਅਮੀਰ ਲੋਕਾਂ ਦਾ ਨੇਤਾ ਹੈ ਉਨ੍ਹਾਂ ਦਾ ਨਹੀਂ।

ਇਸ ਦੌਰਾਨ ਲੇਬਰ ਮੰਤਰੀ ਮੁਰੀਅਲ ਪੈਨੀਕਾਡ ਨੇ ਵੀ ਇਹ ਸਪਸ਼ਟ ਕਰ ਦਿੱਤਾ ਹੈ ਕਿ ਘੱਟ ਤੋਂ ਘੱਟ ਉਜਰਤਾਂ ਵਿੱਚ ਕੋਈ ਵਾਧਾ ਨਹੀਂ ਹੋਵੇਗਾ ਕਿਉਂਕਿ ਇਸ ਨਾਲ ਰੋਜ਼ਗਾਰ ਤਬਾਹ ਹੋ ਜਾਂਦੇ ਹਨ। ਇਸ ਦੌਰਾਨ ਐਤਵਾਰ ਨੂੰ ਟੂਰਿਸਟ ਸਾਈਟਸ ਨੂੰ ਮੁੜ ਖੋਲ੍ਹਿਆ ਗਿਆ ਜਦਕਿ ਵਰਕਰਜ਼ ਨੇ ਮੁਜ਼ਾਹਰਿਆਂ ਕਾਰਨ ਹੋਏ ਨੁਕਸਾਨ ਤੇ ਮਲਬੇ ਨੂੰ ਸਾਫ ਕੀਤਾ। ਇੱਥੇ ਦੱਸਣਾ ਬਣਦਾ ਹੈ ਕਿ ਸ਼ਨਿੱਚਰਵਾਰ ਨੂੰ ਪੈਰਿਸ ਵਿੱਚ 71 ਲੋਕ ਇਨ੍ਹਾਂ ਮੁਜ਼ਾਹਰਿਆਂ ਕਾਰਨ ਜ਼ਖ਼ਮੀ ਹੋਏ।

## ਕਾਰਬਨ ਟੈਕਸ ਨੂੰ ਚੁਣੌਤੀ ਦੇਣ ਨਾਲ ਰੁਕਣਗੀਆਂ ਨਹੀਂ ਵਾਤਾਵਰਣ ਵਿੱਚ ਹੋਣ ਵਾਲੀਆਂ ਤਬਦੀਲੀਆਂ : ਲੀਬਲਾਂਕ

...ਪੰਨਾ 1 ਦਾ ਬਾਕੀ

ਮਾਂਟਰੀਅਲ ਵਿੱਚ ਫਰਸਟ ਮਨਿਸਟਰਜ਼ ਦੀ ਮੀਟਿੰਗ, ਜਿੱਥੇ ਸ਼ੁੱਕਰਵਾਰ ਨੂੰ ਪ੍ਰੀਮੀਅਰਜ਼ ਘਰੇਲੂ ਟਰੇਡ ਅੜਿੱਕਿਆਂ, ਨੌਕਰੀਆਂ ਤੇ ਵਾਤਾਵਰਣ ਦੀ ਹਿਫਾਜ਼ਤ ਲਈ ਗੱਲਬਾਤ ਕਰਨ ਲਈ ਇੱਕਠੇ ਹੋਏ ਸਨ, ਦੌਰਾਨ ਲੀਬਲਾਂਕ ਨੇ ਇਹ ਇੰਟਰਵਿਊ ਦਿੱਤੀ। ਫੈਡਰਲ ਸਰਕਾਰ ਦਾ ਮੰਨਣਾ ਹੈ ਕਿ ਵਾਤਾਵਰਣ ਵਿੱਚ ਹੋ ਰਹੀਆਂ ਤਬਦੀਲੀਆਂ ਨੂੰ ਰੋਕਣ ਦਾ ਸੱਭ ਤੋਂ ਬਿਹਤਰ ਤਰੀਕਾ ਕਾਰਬਨ ਟੈਕਸ ਲਾਇਆ ਜਾਣਾ ਤੇ ਕੈਨੇਡਾ ਦੀਆਂ ਪੈਰਿਸ ਸਮਝੌਤੇ ਸਬੰਧੀ ਵਚਨਬੱਧਤਾਵਾਂ ਨੂੰ ਪੂਰਾ ਕਰਨਾ ਹੈ। ਓਟਵਾ ਨੇ ਸਾਰੇ ਪ੍ਰੋਵਿੰਸਾਂ ਨੂੰ ਗ੍ਰੀਨ ਹਾਊਸ ਗੈਸਾਂ ਦੇ ਰਿਸਾਅ ਨੂੰ ਘਟਾਉਣ ਲਈ ਪਹਿਲੀ ਜਨਵਰੀ ਤੋਂ ਇੱਕ ਟੰਨ ਪਿੱਛੇ 20 ਡਾਲਰ ਟੈਕਸ ਲਾਉਣ ਲਈ ਆਖਿਆ ਹੈ।

ਜੇ ਕਿਸੇ ਪ੍ਰੋਵਿੰਸ ਕੋਲ ਇਸ ਸਬੰਧ ਵਿੱਚ ਆਪਣੀ ਕੋਈ ਯੋਜਨਾ ਨਹੀਂ ਹੈ ਤਾਂ ਓਟਵਾ ਆਪਣਾ ਫੈਡਰਲ ਕਾਰਬਨ ਟੈਕਸ ਲਾਵੇਗਾ। ਫੈਡਰਲ ਸਰਕਾਰ ਦਾ ਕਹਿਣਾ ਹੈ ਕਿ ਅਜਿਹੇ ਮਾਮਲਿਆਂ ਵਿੱਚ ਟੈਕਸ ਦਾ 90 ਫੀ ਸਦੀ ਹਿੱਸਾ ਛੋਟ ਵਜੋਂ ਟੈਕਸਦਾਤਾਵਾਂ ਨੂੰ ਪਰਤ ਜਾਵੇਗਾ। ਫੈਡਰਲ ਟੈਕਸ ਪਹਿਲੀ ਅਪਰੈਲ ਤੋਂ ਓਨਟਾਰੀਓ, ਮੈਨੀਟੋਬਾ, ਸਸਕੈਚਵਨ ਤੇ ਨਿਊ ਬਰੰਜ਼ਵਿੱਕ ਵਿੱਚ ਲਾਗੂ ਹੋਵੇਗਾ। ਅਜਿਹਾ ਇਸ ਲਈ ਕਿਉਂਕਿ ਇਨ੍ਹਾਂ ਪ੍ਰੋਵਿੰਸਾਂ ਕੋਲ ਆਪਣਾ ਕਾਰਬਨ ਟੈਕਸ ਜਾਂ ਪ੍ਰਦੂਸ਼ਣ ਰੋਕਣ ਲਈ ਖੁਦ ਦੀ ਕੋਈ ਸਕੀਮ ਨਹੀਂ ਹੈ।

ਪੰਜਾਬੀ ਪੋਸਟ
Canadian Punjabi Post
Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਯੂ ਏ ਈ ਵਿੱਚ ਪੰਜਾਬੀ ਗਾਇਕ ਮੀਕਾ ਸਿੰਘ ਗ੍ਰਿਫਤਾਰ ਹੋਣ ਪਿੱਛੋਂ ਰਿਹਾਅ

ਦੁਬਈ, 9ਦਸੰਬਰ, (ਪੋਸਟ ਬਿਊਰੋ)- ਬ੍ਰਾਜ਼ੀਲ ਦੀ ਇਕ ਮਾਡਲ ਨੂੰ ਅਸ਼ਲੀਲ ਤਸਵੀਰਾਂ ਭੇਜਣ ਕਾਰਨ ਯੂ ਏ ਈ ਵਿਚ ਗ੍ਰਿਫਤਾਰ ਕੀਤੇ ਗਏ ਪੰਜਾਬੀ ਗਾਇਕ ਮੀਕਾ ਸਿੰਘ ਛੱਡ ਦਿੱਤਾ ਗਿਆ ਹੈ।

ਯੂ ਏ ਈ ਵਿਚ ਭਾਰਤੀ ਰਾਜਦੂਤ ਨਵਦੀਪ ਸਿੰਘ ਪੁਰੀ ਨੇ ਗਲਫ ਨਿਊਜ਼ ਨੂੰ ਦੱਸਿਆ ਕਿ ਆਬੂ ਧਾਬੀ ਦੇ ਭਾਰਤੀ ਦੂਤਘਰ ਦੇ ਦਖਲ ਤੋਂ ਬਾਅਦ ਗਾਇਕ ਮੀਕਾ ਸਿੰਘ ਨੂੰ ਵੀਰਵਾਰ ਨੂੰ ਰਾਤ ਨੂੰ ਰਿਹਾਅ ਕਰ ਦਿੱਤਾ ਗਿਆ। ਰਾਜਦੂਤ ਪੁਰੀ ਨੇ ਕਿਹਾ ਕਿ ਮੀਕਾ ਸਿੰਘ ਦੀ ਬਾਅਦ ਵਿਚ ਅਦਾਲਤ ਵਿਚ ਪੇਸ਼ ਹੋਣ ਦੀ ਉਮੀਦ ਹੈ।



ਵਰਣਣ ਯੋਗ ਹੈ ਕਿ ਮੀਕਾ ਸਿੰਘ ਨੂੰ ਦੁਬਈ ਵਿਚੋਂ ਗ੍ਰਿਫਤਾਰ ਕਰ ਕੇ ਪੁਲਸ ਆਬੂ ਧਾਬੀ ਲੈ ਗਈ ਸੀ ਕਿਉਂਕਿ ਸ਼ਿਕਾਇਤ ਕਰਤਾ ਦੇ ਕੋਲ ਆਬੂ ਧਾਬੀ ਦਾ ਵੀਜ਼ਾ ਸੀ। ਜਾਣਕਾਰ ਸੂਤਰਾਂ ਮੁਤਾ-ਬਕ ਬ੍ਰਾਜ਼ੀਲ ਦੀ 17 ਸਾਲਾ ਮਾਡਲ ਵੱਲੋਂ ਇਤਰਾਜ਼ ਯੋਗ ਤਸਵੀਰਾਂ ਭੇਜਣ ਦੀ ਸ਼ਿਕਾਇਤ ਪਿੱਛੋਂ ਗਾਇਕ ਮੀਕਾ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਮੀਕਾ ਸਿੰਘ ਨੇ ਪੀੜਤ ਕੁੜੀ ਨੂੰ ਬਾਲੀਵੁੱਡ ਫਿਲਮ ਦਾ ਕੰਮ ਦਿਵਾਉਣ ਦਾ ਵਾਅਦਾ ਕੀਤਾ ਸੀ। ਇਹ ਪਹਿਲੀ ਵਾਰ ਨਹੀਂ ਕਿ ਮੀਕਾ ਇਤਰਾਜ਼ ਯੋਗ ਵਿਹਾਰ ਦੇ ਦੋਸ਼ਾਂ ਵਿਚ ਘਿਰਿਆ ਹੈ। ਉਸ 'ਤੇ ਬਾਲੀਵੁੱਡ ਦੀ ਵਿਵਾਦਤ ਅਭਿਨੇਤਰੀ ਰਾਖੀ ਸਾਵੰਤ ਨੂੰ ਜ਼ਬਰਦਸਤੀ ਕਿਸ ਕਰਨ ਦਾ ਵੀ ਦੋਸ਼ ਲੱਗਾ ਸੀ ਤੇ ਉਹ ਇਕ ਸ਼ੋਅ ਦੌਰਾਨ ਇਕ ਦਰਸ਼ਕ ਨਾਲ ਵੀ ਝਗੜ ਪਿਆ ਸੀ।

## ਫੂਡ ਪ੍ਰੋਸੈਸਿੰਗ ਮੰਤਰੀ ਨੇ ਪਾਈਟੈਕਸ ਦੇ ਕਾਰੋਬਾਰੀਆਂ ਨੂੰ ਕੀਤਾ ਸਨਮਾਨਿਤ

ਅੰਮ੍ਰਿਤਸਰ, 9 ਦਸੰਬਰ (ਗਿਆਨ ਸਿੰਘ) ਪੰਜਾਬ ਦੇ ਫੂਡ ਪ੍ਰੋਸੈਸਿੰਗ ਮੰਤਰੀ ਓਪੀ ਸੋਨੀ ਨੇ ਕਿਹਾ ਕਿ ਜੇਕਰ ਕਿਸਾਨ ਅਤੇ ਸਨਅਤਕਾਰ ਆਪਸ 'ਚ ਮਿਲਕੇ ਕੰਮ ਕਰਨ ਤਾਂ ਬੇਰੋਜ਼ਗਾਰੀ 'ਤੇ ਖੇਤੀਬਾੜੀ ਦੀਆਂ ਸਮੱਸਿਆਵਾਂ ਦਾ ਹੱਲ ਹੋ ਸਕਦਾ ਹੈ। ਅਜੋਕੇ ਹਾਲਾਤਾਂ 'ਚ ਕਿਸਾਨਾਂ ਦੇ ਲਈ ਫੂਡ ਪ੍ਰੋਸੈਸਿੰਗ ਦਾ ਖੇਤਰ ਸਭ ਤੋਂ ਅਹਿਮ 'ਤੇ ਸੁਰੱਖਿਅਤ ਹੈ।

ਫੂਡ ਪ੍ਰੋਸੈਸਿੰਗ ਮੰਤਰੀ ਓਪੀ ਸੋਨੀ ਐਤਵਾਰ ਨੂੰ ਸਥਾਨਕ ਰਣਜੀਤ ਐਵੇਨਿਊ 'ਚ ਚਲ ਰਹੇ ਪਾਈਟੈਕਸ-2018 ਦੌਰਾਨ ਵੱਖ-ਵੱਖ ਦੇਸ਼ਾਂ ਤੋਂ ਆਏ ਕਾਰੋਬਾਰੀਆਂ ਨੂੰ ਪੁਰਸਕਾਰ ਪ੍ਰਦਾਨ ਕਰਕੇ ਉਨਾਂ ਨੂੰ ਸੰਬੋਧਿਤ ਕਰ ਰਹੇ ਸਨ। ਉਨਾਂ ਕਿਹਾ ਕਿ ਅੰਮ੍ਰਿਤਸਰ 'ਤੇ ਸਰਹੱਦੀ ਜ਼ਿਲਿਆਂ ਸਮੇਤ ਸਮੁਚੇ ਪੰਜਾਬ 'ਚ ਉਦਯੋਗਪਤੀਆਂ ਨੂੰ ਇੱਕ-ਦੂਸਰੇ ਦੇ ਨਾਲ ਮਿਲਕੇ ਕੰਮ ਕਰਨਾ ਹੋਵ-ੇਗਾ। ਜਿਸ ਨਾਲ ਸਮਾਜ ਦੀਆਂ ਕਈ ਸਮੱਸਿਆਵਾਂ ਦਾ ਹੱਲ ਹੋਵੇਗਾ। ਇਸ ਮੌਕੇ ਸੋਨੀ ਨੇ ਟਰਕੀ ਤੋਂ ਪੁੱਜੇ ਟੀਲੋ ਹੈਡਿਕਲ ਨੂੰ ਬੈਸਟ ਇੰਟਰਨੈਸ਼ਨਲ ਪਾਰਟੀਸਪੇਸ਼ਨ ਦਾ ਐਵਾਰਡ ਦੇ ਕੇ ਸਨਮਾਨਿਤ ਕੀਤਾ। ਉੱਥੇ ਹੀ ਇਸ ਸਾਲ ਦਾ ਬੈਸਟ ਆਊਟਡੋਰ



ਡਿਸਪਲੇ ਐਵਾਰਡ ਸੋਨਾਲਿਕਾ ਟਰੈਕਟਰ, ਬੈਸਟ ਇਨਡੋਰ ਡਿਸਪਲੇ ਐਵਾਰਡ ਕਜਾਰੀਆ ਟਾਇਲਸ, ਆਟਡੋਰ 'ਚ ਹਾਈਐਸਟ ਫੁਟਫਾਲ ਦਾ ਐਵਾਰਡ ਮਾਰੂਤੀ 'ਤੇ ਇਨਡੋਰ 'ਚ ਹਾਈਐਸਟ ਦਾ ਐਵਾਰਡ ਆਈਟੀਸੀ ਫ੍ਰੋਜ਼ਨ ਫੂਡਸ ਨੂੰ ਦਿੱਤਾ ਗਿਆ।

ਇਸਦੇ ਇਲਾਵਾ ਉਤਰਾਖੰਡ ਹੈਂਡਲੂਮ ਐਂਡ ਹੈਂਡੀਕਰਾਫਟ ਡਿਵੈਲਪਮੈਂਟ ਕੌਂਸਲ, ਡਾਇਰੈਕਟੋਰੇਟ ਆਫ ਹੈਂਡੀਕ੍ਰਾਫਟਸ ਜੰਮੂ-ਕਸ਼ਮੀਰ ਸਰਕਾਰ, ਨੈਸ਼ਨਲ ਸਮਾਲ ਇੰਡਸਟਰੀ ਕਾਰਪੋਰੇਸ਼ਨ ਲਿਮੀਟਿਡ (ਐਨਐਸਆਈਸੀ), ਮਨਿਸਟਰੀ ਆਫ ਐਮਐਸਐਮਈ, ਨੈਸ਼ਨਲ ਜੂਟ ਬੋਰਡ, ਆਯੂਸ਼ ਮੰਤਰਾਲੇ ਨੂੰ ਵਿਸ਼ੇਸ਼ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਉੱਥੇ ਹੀ ਪੰਜਾਬ ਸਰਕਾਰ ਦੇ ਪੇਡਾ, ਪੀਐਸਆਈਈਸੀ, ਕੇਵੀਆਈਸੀ, ਮਾਰਕਫੈਡ, ਮਿਲਕਫੈਡ ਨੂੰ ਵੀ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਤੇ ਬੋਲਦੇ ਹੋਏ ਜ਼ਿਲਾ ਡਿਪਟੀ ਕਮਿਸ਼ਨਰ ਕਮਲਦੀਪ ਸਿੰਘ ਸੰਘਾ ਨੇ ਕਿਹਾ ਕਿ ਇਸ ਤਰਾਂ ਦੇ ਆਯੋਜਨਾਂ ਨਾਲ ਅੰਮ੍ਰਿਤਸਰ 'ਤੇ ਪੰਜਾਬ ਵਾਸੀਆਂ ਨੂੰ ਹੀ ਨਹੀਂ ਬਲਕਿ ਇੱਥੇ ਵਿਦੇਸ਼ਾਂ ਤੋਂ ਆਉਣ ਵਾਲੇ ਸੈਲਾਨੀਆਂ ਨੂੰ ਵੀ ਲਾਭ ਮਿਲਦਾ ਹੈ। ਭਵਿੱਖ 'ਚ ਇਸਦਾ ਵਿਸਥਾਰ ਹੋਣਾ ਚਾਹੀਦਾ ਹੈ।

ਇਸ ਮੌਕੇ ਬੋਲਦੇ ਹੋਏ ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਐਸਐਸ ਸ਼੍ਰੀਵਾਸਤਵ ਨੇ ਕਿਹਾ ਕਿ ਪੁਲਿਸ ਪ੍ਰਸ਼ਾਸਨ ਵੱਲੋਂ ਇਸ ਆਯੋਜਨ 'ਚ ਹਰ ਸੰਭਵ ਸਹਿਯੋਗ ਦੇਣ ਦਾ ਯਤਨ ਕੀਤਾ ਗਿਆ ਹੈ। ਭਵਿੱਖ 'ਚ ਵੀ ਸੁਰੱਖਿਆ ਵਿਵਸਥਾ ਦੇ ਦ੍ਰਿਸ਼ ਨਾਲ ਇਸ ਆਯੋਜਨ ਨੂੰ ਸਫਲ ਬਣਾਉਣ 'ਚ ਸਹਿਯੋਗ ਦਿੱਤਾ ਜਾਵੇਗਾ। ਇਸ ਮੌਕੇ ਤੇ ਬੋਲਦੇ ਹੋਏ ਪੀਐਚਡੀ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ ਦੇ ਪੰਜਾਬ ਚੈਪਟਰ ਦੇ ਚੇਅਰਮੈਨ ਆਰ ਐਸ ਸਚਦੇਵਾ ਨੇ ਕਿਹਾ ਕਿ ਪਾਈਟੈਕਸ 'ਚ ਭਾਗ ਲੈਣ ਵਾਲੇ ਕਾਰੋਬਾਰੀਆਂ 'ਤੇ ਇੱਥੇ ਆਉਣ ਵਾਲੇ ਸੈਲਾਨੀਆਂ ਦੀ ਗਿਣਤੀ 'ਚ ਹਰ ਸਾਲ ਵਾਧਾ ਹੋ ਰਿਹਾ ਹੈ। ਜਿਸਨੂੰ ਦੇਖਦੇ ਹੋਏ ਆਉਣ ਵਾਲੇ ਸਮੇਂ ਚ ਇਸਦਾ ਵਿਸਥਾਰ ਕੀਤਾ ਜਾਵੇਗਾ। ਇਸ ਮੌਕੇ ਚੈਂਬਰ ਦੀ ਖੇਤਰੀ ਨਿਦੇਸ਼ਕ ਮਧੂ ਪਿੱਲੇ ਤੋਂ ਇਲਾਵਾ ਕਈ ਪਤਵੰਤੇ ਸੱਜਣ ਮੌਜੂਦ ਸਨ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

KARTAR FURNITURE
132"
88"
8 Seated Sofa
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

# ਜ਼ਿੰਦਗੀ ਉਦਾਸ ਨਹੀਂ ਹੈ

-ਨਰੇਸ਼ ਗੁਪਤਾ-

ਐਤਵਾਰ ਦੀ ਸ਼ਾਮ ਦੇ ਪੰਜ ਵੱਜ ਰਹੇ ਸਨ। ਮੈਂ ਤੇ ਮੇਰੀ ਪਤਨੀ ਆਪਣੇ ਵੱਡੇ ਬੇਟੇ ਦੀ ਸ਼ਾਦੀ ਲਈ ਖਰੀਦੋ-ਫਰੋਖਤ ਕਰਨ ਲਈ ਬਰਨਾਲੇ ਸ਼ਹਿਰ ਗਏ ਹੋਏ ਸਾਂ। ਸ੍ਰੀਮਤੀ ਜੀ ਨੇ ਮੈਨੂੰ ਕਿਹਾ, 'ਬੱਸ ਜੀ, ਤਕਰੀਬਨ ਸਾਰੇ ਕੰਮ ਹੋ ਗਏ ਨੇ, ਹਣ ਤੁਸੀਂ ਚਾਲੀ ਫੁੱਟੀ ਗਲੀ ਦੇ ਮੋੜ 'ਤੇ ਦਸ ਮਿੰਟ ਲਈ ਗੱਡੀ ਰੋਕ ਲੈਣਾ, ਮੈਂ ਗੋਟਾ ਵਗੈਰਾ ਲੈ ਲਵਾਂ ਤੇ ਫਿਰ ਚਲਦੇ ਆਂ..।' ਮੈਂ ਉਸੇ ਦੁਕਾਨ ਅੱਗੇ ਗੱਡੀ ਰੋਕ ਲਈ ਅਤੇ ਸ੍ਰੀਮਤੀ ਜੀ ਸਮਾਨ ਖਰੀਦਣ ਲੱਗੇ, ਪਰ ਮੇਰੀ ਸੋਚਾਂ ਦੀ ਕੂੰਜ ਕੁਝ ਜ਼ਿਆਦਾ ਹੀ ਉਚੇ ਅੰਬਰੀਂ ਉਡਣ ਲੱਗੀ। ਮੈਂ 35-36 ਸਾਲ ਪਿਛਾਂਹ ਚਲਾ ਗਿਆ।

ਮੈਨੂੰ ਪਤਾ ਹੀ ਨਾ ਲੱਗਿਆ ਕਿ ਕਦੋਂ ਮੈਂ ਆਪਣੀ ਕਾਰ 'ਚੋਂ ਉਤਰ ਕੇ ਉਸ ਜਗ੍ਹਾ 'ਤੇ ਚਲਾ ਗਿਆ, ਜਿੱਥੇ ਕਦੇ ਪੁਰਾਣੀ ਟੈਲੀਫੋਨ ਐਕਸਚੇਂਜ ਹੁੰਦੀ ਸੀ। ਮੈਨੂੰ ਇਹ ਜਗ੍ਹਾ, ਇਹ ਗਲੀ ਦੇਖ ਕੇ ਖੁਸ਼ ਹੋਣਾ ਚਾਹੀਦਾ ਸੀ, ਫਿਰ ਉਦਾਸ ਕਿਉਂ ਹੋ ਗਿਆ ਸਾਂ? ਮੇਰੇ ਜ਼ਿਹਨ ਵਿੱਚ ਉਠਦੇ ਸਵਾਲ ਮੈਨੂੰ ਕੁਰੇਦ-ਕੁਰੇਦ ਪੁੱਛ ਰਹੇ ਸਨ ਕਿ ਗੁਪਤਾ, ਕੀ ਸੱਚਮੁੱਚ ਇਹ ਉਹੀ ਗਲੀ ਹੈ ਜਿੱਥੇ ਤੂੰ ਬਚਪਨ ਦੇ ਕਈ ਵਰ੍ਹਿਆਂ ਦੇ ਕੁਝ ਖਾਸ ਦਿਨ ਤੇ ਕੁਝ ਖਾਸ ਪਲ ਗੁਜ਼ਾਰੇ ਸਨ, ਜਿਨ੍ਹਾਂ ਨੂੰ ਤੂੰ ਅਕਸਰ ਯਾਦ ਕਰਦੈਂ ਉਦੋਂ, ਜਦੋਂ ਕਦੇ ਅੱਧੀ ਰਾਤ ਨੂੰ ਅੱਖ ਖੁੱਲ੍ਹ ਜਾਂਦੀ ਹੈ ਤੇ ਯਾਦ ਆ ਜਾਂਦੈ ਬਚਪਨ ਜ਼ਿੰਦਗੀ ਦਾ ਇੱਕ ਹਸੀਨ ਹਿੱਸਾ, ਪਰ ਅੱਜ...ਅੱਜ ਇਥੇ ਬਚਪਨ ਉਦਾਸ ਕਿਉਂ ਹੈ? ਜ਼ਿੰਦਗੀ ਦਾ ਇਹ ਹਿੱਸਾ ਉਦਾਸ ਕਿਉਂ ਹੈ? ਕੀ ਕਿਸੇ ਨੇ ਜਾਂ ਅਸੀਂ ਖੁਦ ਹੀ ਆਪਣੇ ਤਮਾਮ ਬੱਚਿਆਂ ਦੇ ਬਚਪਨ ਨੂੰ ਨਜ਼ਰ ਤਾਂ ਨਹੀਂ ਲਾ ਦਿੱਤੀ?

ਸ਼ਾਇਦ ਹਾਂ। ਇਸੇ ਲਈ ਸਾਰੀ ਗਲੀ ਖਾਲੀ ਪਈ ਸੀ। ਅੱਸੀਵਿਆਂ ਦੇ ਦਹਾਕੇ ਵਿੱਚ ਇਸ ਪੁਰਾਣੀ ਟੈਲੀਫੋਨ ਐਕਸਚੇਂਜ ਵਾਲੀ ਗਲੀ 'ਚ ਮੇਰੀ ਭੂਆ ਰਹਿੰਦੀ ਸੀ, ਜਿਸ ਦੇ ਦੋ ਲੜਕੀਆਂ ਅਤੇ ਦੋ ਲੜਕੇ ਸਨ। ਭੂਆ ਦਾ ਛੋਟਾ ਲੜਕਾ ਰਾਕੇਸ਼ ਕੁਮਾਰ ਉਰਫ ਕਾਕਾ ਮੇਰਾ ਹਮ ਉਮਰ ਸੀ। ਮੇਰੇ ਦਾਦਕੇ ਬਰਨਾਲੇ ਹੋਣ ਕਰ ਕੇ ਮੈਂ ਅਕਸਰ ਇਨ੍ਹਾਂ ਦੇ ਘਰ ਚਲਾ ਜਾਂਦਾ ਸਾਂ। ਅਸੀਂ ਸਾਰੇ ਭੈਣ ਭਰਾ ਗਲੀ ਦੇ ਬਾਕੀ ਬੱਚਿਆਂ ਨਾਲ ਤਰ੍ਹਾਂ ਤਰ੍ਹਾਂ ਦੀਆਂ ਖੇਡਾਂ ਖੇਡਦੇ। ਦੇਰ ਰਾਤ ਤੱਕ ਹਾਕਾਂ ਪੈਣ 'ਤੇ ਘਰ ਮੁੜਦੇ। ਸਾਰੀ ਗਲੀ ਵਿੱਚ ਮੇਲੇ ਦੀ ਤਰ੍ਹਾਂ ਪੂਰੀ ਚਹਿਲ ਪਹਿਲ ਹੁੰਦੀ ਸੀ, ਪਰ ਅੱਜ ਨਾ ਤਾਂ ਮਾਵਾਂ ਆਪਣੇ ਘਰਾਂ ਦੇ ਬਾਹਰ ਪੀੜ੍ਹੀ ਜਾਂ ਮੰਜੀ ਡਾਹ ਕੇ ਕੋਈ ਸਵੈਟਰ ਕੋਟੀ ਬੁਣਦੀਆਂ ਸਨ, ਨਾ ਛੋਟੀਆਂ ਬੱਚੀਆਂ ਪੀਚੋ ਬੱਕਰੀ, ਲੁਕਣਮੀਟੀ ਜਾਂ ਰੋੜੇ ਖੇਡਦੀਆਂ ਸਨ। ਬਜ਼ੁਰਗ ਮਾਵਾਂ ਕੱਚੇ ਕੋਲਿਆਂ ਦੀਆਂ ਅੰਗੀਠੀਆਂ ਵੀ ਧੁਖਾਉਣ ਲਈ ਬਾਹਰ ਨਹੀਂ ਸਨ ਰੱਖ ਕੇ ਗਈਆਂ, ਕਿਉਂਕਿ ਸਾਰੀ ਗਲੀ ਵੀਰਾਨ ਸੀ, ਸੁੰਨਸਾਨ ਸੀ। ਨਾ ਤਾਂ ਉਥੇ ਛੋਟੇ ਬੱਚੇ ਸਾਈਕਲ ਚਲਾਉਣਾ ਸਿੱਖ ਰਹੇ ਸਨ ਤੇ ਨਾ ਪਤੰਗਾਂ ਲਈ ਡੋਰਾਂ ਸੂਤ ਰਹੇ ਸਨ। ਘਰ ਨਹੀਂ ਕੋਠੀਆਂ ਉਹ ਵੀ ਦੋ-ਤਿੰਨ ਮੰਜ਼ਿਲੀਆਂ ਉਸਰ ਚੁੱਕੀਆਂ ਸਨ। ਹਰ ਘਰ ਵਿੱਚ ਲੱਗੇ ਏ ਸੀ ਮੈਨੂੰ ਇੰਜ ਪ੍ਰਤੀਤ ਹੋ ਰਹੇ ਸਨ, ਜਿਵੇਂ ਕਹਿ ਰਹੇ ਹੋਣ 'ਨਹੀਓਂ ਲੱਭਣੇ ਲਾਲ ਗੁਆਚੇ ਤੂੰ ਮਿੱਟੀ ਨਾ ਫਰੋਲ ਜੋਗੀਆ।'

ਮੇਰੇ ਮਨ ਵਿੱਚ ਵਸੀ ਉਹ ਗਲੀ ਅੱਜ ਦੀ ਗਲੀ ਤੋਂ ਕਿਤੇ ਭਿੰਨ ਸੀ। ਜਿਊਣ ਲਈ ਸਹੂਲਤਾਂ ਸਾਰੀਆਂ ਕੋਠੀਆਂ 'ਚ ਇੱਕ ਤੋਂ ਇੱਕ ਵੱਧ ਕੇ ਸਨ, ਪਰ ਇਨਸਾਨਾਂ ਦੇ ਮੱਥੇ ਦੀਆਂ ਤਿਊੜੀਆਂ ਸੜਕ 'ਤੇ ਬਣੇ ਉਚੇ ਪੰਪਾਂ ਵਾਂਗ ਪ੍ਰਤੀਤ ਹੋ ਰਹੀਆਂ ਸਨ। ਜੋ ਵੀ ਮੇਰੀ ਨਜ਼ਰੀਂ ਪਿਆ, ਸਭ ਉਦਾਸ ਸੀ, ਨਾਰਾਜ਼ ਸੀ, ਚਿੰਤਾ ਵਿੱਚ ਸੀ, ਪਰ ਕਿਉਂ? ਆਖਰ ਕਿਉਂ? ਐਡੀ ਤਰੱਕੀ ਕਰ ਕੇ ਇਨਸਾਨ ਨਾਰਾਜ਼ ਕਿਉਂ ਹੈ? ਸ਼ਾਇਦ ਆਪਣੇ ਵਿਨਾਸ਼ ਦੇ ਕੰਡੇ ਅਸੀਂ ਖੁਦ ਬੀਜ ਬੈਠੇ ਹਾਂ, ਉਹ ਭਾਵੇਂ ਕੂਲਰ, ਏ ਸੀ, ਫਰਿੱਜ, ਕੁੱਕਰ, ਮੋਬਾਈਲ ਜਾਂ ਕੰਪਿਊਟਰ ਕੁਝ ਵੀ ਹੋਣ, ਆਖਰ ਤਾਂ ਮਨੁੱਖੀ ਸਿਹਤ ਦੇ ਦੁਸ਼ਮਣ ਹੀ ਹਨ। ਬਾਰੂਦ ਦੇ ਢੇਰ 'ਤੇ ਬੈਠੀ ਹੈ ਦੁਨੀਆ। ਨਕਲੀ ਜਿਹੀ ਦੁਨੀਆ ਬਣ ਗਈ ਹੈ ਇਹ। ਪਾਣੀ, ਅਨਾਜ, ਸਬਜ਼ੀਆਂ, ਦਾਲਾਂ, ਫਲ, ਦੁੱਧ, ਮੇਵੇ ਤੇ ਫਿਰ ਇਨ੍ਹਾਂ ਤੋਂ ਬਣਿਆ ਇਨਸਾਨੀ ਸਰੀਰ ਸਭ ਨਕਲੀ ਹੀ ਹਨ ਤਾਂ ਫਿਰ ਅਸਲੀ ਕੀ ਹੈ? ਦਿਲ ਦੇ ਕਿਸੇ ਕੋਨੇ 'ਚੋਂ ਆਵਾਜ਼ ਆਈ ਅਸਲੀ ਹੈ ਕੁਦਰਤ-ਰੱਬ ਦੀ ਕੁਦਰਤ। ਪਰ ਅਸੀਂ ਤਾਂ ਕੁਦਰਤ ਨਾਲ ਵੀ ਖਿਲਵਾੜ ਕਰ ਰਹੇ ਹਾਂ। ਅਜੇ ਵੀ ਟਾਈਮ ਹੈ ਸੰਭਲ ਜਾਈਏ। ਹਰ ਵਕਤ ਪੈਸਾ ਪੈਸਾ ਕਰਨਾ ਬੰਦ ਕਰੋ। ਕਦੇ ਪੈਸੇ ਦੀ ਦੌੜ 'ਚੋਂ ਬਾਹਰ ਨਿਕਲ ਕੇ ਕੁਦਰਤ ਦੀ ਬੁੱਕਲ 'ਚ ਦੋ ਪਲ ਗੁਜ਼ਾਰ ਕੇ ਤਾਂ ਵੇਖੋ ਮਾਂ ਦੀ ਬੁੱਕਲ ਜਿਹਾ ਆਨੰਦ ਮਿਲੇਗਾ।



ਸ਼ਾਮ ਵੇਲੇ ਦੀ ਵਗਦੀ ਠੰਢੀ ਹਵਾ ਵਿੱਚ ਮੇਰਾ ਮਨ ਕਾਹਲਾ ਪੈ ਰਿਹਾ ਸੀ। ਫਿਰ ਮੈਨੂੰ ਅਚਾਨਕ ਉਹ ਰਾਤ ਯਾਦ ਆ ਗਈ ਜਦੋਂ ਮੈਂ ਤੇ ਭੂਆ ਦਾ ਮੁੰਡਾ ਰਾਕੇਸ਼ ਪ੍ਰਭਾਤ ਸਿਨੇਮੇ ਵਿੱਚ ਫਿਲਮ 'ਅਮਰ ਅਕਬਰ ਐਨਥਨੀ' ਦੇਖਣ ਗਏ ਸਾਂ। ਰਾਕੇਸ਼ ਟਿਕਣ ਲੈਣ ਲਈ ਲਾਈਨ ਵਿੱਚ ਖੜ੍ਹਾ ਹੋ ਗਿਆ ਤੇ ਮੈਂ ਉਸ ਦੇ ਸੱਜੇ ਪਾਸੇ ਖੜ੍ਹਾ ਸ਼ੀਸ਼ੇ ਵਿੱਚ ਲੱਗੇ ਪੋਸਟਰ ਦੇਖ ਰਿਹਾ ਸੀ। ਉਦੋਂ ਇੱਕ ਮੁੰਡੇ ਨੇ ਮੇਰੇ ਕੋਲ ਆ ਕੇ ਮੈਨੂੰ ਪੁੱਛਿਆ, ਇਸ ਫਿਲਮ ਵਿੱਚ ਨੀਤੂ ਸਿੰਘ ਹੈ? ਮੈਂ ਅਣਜਾਣੇ ਵਿੱਚ ਕਹਿ ਦਿੱਤਾ ਕਿ ਹਾਂ ਹੈ। ਮੈਨੂੰ ਇਹ ਵੀ ਬਾਅਦ ਵਿੱਚ ਪਤਾ ਲੱਗਾ ਕਿ ਨੀਤੂ ਸਿੰਘ ਐਕਟਰ ਨਹੀਂ ਸਗੋਂ ਐਕਟਰੈਸ ਹੈ। ਮੈਂ ਅੰਦਰੋਂ ਅੰਦਰੀਂ ਸੋਚਾਂ ਕਿ ਗੁਪਤਾ, ਅਣਜਾਣੇ ਵਿੱਚ ਹੀ ਸਹੀ, ਪਰ ਜਵਾਬ ਤਾਂ ਸਹੀ ਹੋ ਹੀ ਗਿਆ।

ਇਸੇ ਤਰ੍ਹਾਂ ਸੋਚਦਾ ਹਾਂ ਕਿ ਹੇ! ਦੁਨੀਆ ਦੇ ਰਚੇਤਾ, ਤੇਰਾ ਬਣਾਇਆ ਹੋਇਆ ਮਨੁੱਖ ਅਸਲ ਮੁੱਦੇ ਤੋਂ ਭਟਕ ਚੁੱਕਾ ਹੈ। ਜਾਣੇ ਅਣਜਾਣੇ ਵਿੱਚ ਇਸ ਕਦਰ ਖੁਦਗਰਜ਼ ਹੋ ਚੁੱਕਾ ਹੈ ਕਿ ਇਸ ਨੂੰ ਆਪਣੇ ਆਪ ਤੋਂ ਬਿਨਾਂ ਕੁਝ ਨਜ਼ਰ ਨਹੀਂ ਆਉਂਦਾ। ਰਿਸ਼ਤੇ ਨਾਤੇ, ਦੋਸਤ ਮਿੱਤਰ, ਆਂਢ ਗੁਆਂਢ ਸਭ ਮਤਲਬ ਤੱਕ ਸੀਮਟ ਕੇ ਰਹਿ ਗਏ ਹਨ। ਫਿਰ ਵੀ ਤੂੰ ਤਾਂ ਕੁਝ ਕਰ ਸਕਦਾ ਹੈ। ਮੇਰੇ ਦਿੱਤੇ ਜਵਾਬ ਦੀ ਤਰ੍ਹਾਂ ਕੋਈ ਐਸਾ ਕ੍ਰਿਸ਼ਮਾ ਕਰ ਕੇ ਬੰਦੇ ਨੂੰ ਬੰਦੇ 'ਚੋਂ ਰੱਬ ਦਿਸੇ। ਬੰਦਾ ਬੰਦੇ ਨੂੰ ਪਿਆਰ ਕਰੇ। ਫਿਰ ਬੱਚੇ ਗਲੀਆਂ 'ਚ ਖੇਡਣ ਤੇ ਗਲੀਆਂ ਸੁੰਨੀਆਂ ਨਾ ਲੱਗਣ। ਕੁਦਰਤ ਚਹਿਕ ਉਠੇ।

ਉਸੇ ਵਕਤ ਸ੍ਰੀਮਤੀ ਜੀ ਦੁਕਾਨ ਤੋਂ ਬਾਹਰ ਨਿਕਲੇ ਤੇ ਬੋਲੇ, 'ਮੈਂ ਕਿਹਾ ਜੀ ਸੁਣਦੇ ਹੋ, ਲੇਟ ਬਹੁਤ ਹੋ ਗਏ, ਪਰਛਾਵੇਂ ਢਲ ਚੱਲੇ ਨੇ, ਉਤੋਂ ਮੀਂਹ ਚੜ੍ਹਿਆ ਪਿਐ, ਛੇਤੀ ਚੱਲੋ...।' ਮੈਂ ਭੁੱਲ ਚੁੱਕਾ ਸਾਂ ਕਿ ਸ੍ਰੀਮਤੀ ਜੀ ਮੇਰਾ ਇੰਤਜਦਾਰ ਕਰ ਰਹੇ ਸਨ ਜਾਂ ਮੈਂ ਉਨ੍ਹਾਂ ਦਾ। ਖੈਰ! ਮੈਂ ਜਿਉਂ ਹੀ ਕਾਰ ਸਟਾਰਟ ਕੀਤੀ, ਇੱਕ ਤੇਜ਼ ਗਰਜ ਦੇ ਨਾਲ ਬਿਜਲੀ ਗਰਜੀ ਤੇ ਬਾਰਸ਼ ਸ਼ੁਰੂ ਹੋ ਗਈ। ਮੈਂ ਇਸ ਉਮੀਦ ਨਾਲ ਅੱਗੇ ਵਧ ਰਿਹਾ ਸਾਂ ਕਿ ਸ਼ਾਇਦ ਪਰਮਾਤਮਾ ਕਦੇ ਤਾਂ 'ਸੱਚੇ ਬੰਦੇ' ਦੀ ਗੱਲ ਸੁਣੂ ਕਿਉਂਕਿ ਉਮੀਦ ਹੀ ਜ਼ਿੰਦਗੀ ਹੈ ਤੇ ਜ਼ਿੰਦਗੀ ਉਦਾਸ ਨਹੀਂ ਹੈ।

## ਹਲਕਾ ਫੁਲਕਾ



ਡਾਕਟਰ, ''ਤੁਹਾਡੇ ਚਿਹਰੇ ਦਾ ਐਕਸ ਰੇ ਲੈਣਾ ਹੋਵੇਗਾ।''
ਰੇਣੂ, ''ਐਕਸ ਰੇ ਕੀ ਹੁੰਦਾ ਹੈ?''
ਡਾਕਟਰ, ''ਫੋਟੋ ਖਿੱਚਣ ਵਰਗੀ ਪ੍ਰਕਿਰਿਆ ਹੁੰਦੀ ਹੈ।''
ਰੇਣੂ, ''ਚੰਗਾ, ਦੋ ਮਿੰਟ ਰੁਕੋ, ਮੈਂ ਜ਼ਰਾ ਮੇਕਅਪ ਠੀਕ ਕਰ ਲਵਾਂ।''

********

ਨੀਰਜ, ''ਇੰਨੇ ਦੁਖੀ ਕਿਉਂ ਹੋ?''
ਰੰਜਨ, ''ਮੇਰੇ ਸਹੁਰੇ ਵਾਲਿਆਂ ਨੇ ਮੈਨੂੰ 56 ਇੰਚ ਦਾ ਐਲ ਈ ਡੀ ਟੀ ਵੀ ਗਿਫਟ ਦਿੱਤਾ ਹੈ।''
ਨੀਰਜ, ''ਇਹ ਤਾਂ ਖੁਸ਼ੀ ਦੀ ਗੱਲ ਹੈ।''
ਰੰਜਨ, ''...ਪਰ ਉਨ੍ਹਾਂ ਨੇ ਰਿਮੋਟ ਮੇਰੀ ਪਤਨੀ ਨੂੰ ਦੇ ਦਿੱਤਾ ਹੈ।''

********

ਨੀਰਜ, ''ਤੂੰ ਮੈਨੂੰ ਪਿਆਰ ਕਰਦੀ ਹੈਂ?''
ਪ੍ਰੇਮਿਕਾ, ''ਹਾਂ, ਮੈਂ ਤੇਰੇ ਲਈ ਕੁਝ ਵੀ ਕਰ ਸਕਦੀ ਹਾਂ।''
ਨੀਰਜ, ''ਸੱਚ?''
ਪ੍ਰੇਮਿਕਾ, ''ਹਾਂ, ਬਿਲਕੁਲ ਸੱਚ।''
ਨੀਰਜ, ''ਚੱਲ ਫਿਰ ਫਟਾਫਟ 47 ਦਾ ਪਹਾੜਾ ਸੁਣਾ।''

*********

ਮੁੰਡੇ ਵਾਲੇ ਕੁੜੀ ਦੇਖਣ ਗਏ। ਮੁੰਡੇ ਦਾ ਪਿਓ, ''ਉਂਜ ਤਾਂ ਸਾਡੇ ਮੁੰਡੇ ਵਿੱਚ ਕੋਈ ਕਮੀ ਨਹੀਂ, ਬੱਸ ਹੱਸਦਾ ਹੈ ਤਾਂ ਦੰਦ ਵੱਡੇ ਲੱਗਦੇ ਹਨ।''
ਕੁੜੀ ਦਾ ਪਿਓ, ''ਟੈਨਸ਼ਨ ਨਾ ਲਓ ਜੀ, ਮੇਰੀ ਕੁੜੀ ਉਸ ਨੂੰ ਹੱਸਣ ਦਾ ਮੌਕਾ ਹੀ ਨਹੀਂ ਦੇਵੇਗੀ।''

*********

ਔਰਤ ਨੇ ਟਰੈਫਿਕ ਸਿਗਨਲ ਤੋੜਿਆ ਅਤੇ ਪੁਲਸ ਵਾਲੇ ਨੇ ਉਸ ਨੂੰ ਰੋਕ ਲਿਆ।
ਔਰਤ, ''ਮੈਨੂੰ ਜਾਣ ਦਿਓ, ਮੈਂ ਟੀਚਰ ਹਾਂ।''
ਟਰੈਫਿਕ ਪੁਲਸ, ''ਇਸ ਦਿਨ ਦੀ ਉਡੀਕ ਕਈ ਸਾਲਾਂ ਤੋਂ ਕਰ ਰਿਹਾ ਹਾਂ, ਚੱਲ 100 ਵਾਰ ਇਹ ਲਿਖ ਕੇ ਦਿਖਾ ਕਿ ਅੱਗੇ ਤੋਂ ਸਿਗਨਲ ਨਹੀਂ ਤੋੜਾਂਗੀ।''

# ਲੋਪ ਹੋ ਰਿਹਾ ਪਿੱਪਲਾਂ ਬਰੋਟਿਆਂ ਦਾ ਸੱਭਿਆਚਾਰ

-ਜਸਵੰਤ ਸਿੰਘ ਜੱਸੜ

ਪੁਰਾਤਨ ਸਮਿਆਂ ਵਿੱਚ ਆਮ ਤੌਰ 'ਤੇ ਪਿੱਪਲ/ ਬਰੋਟੇ ਹਰ ਪਿੰਡ ਦੇ ਦਰਵਾਜ਼ੇ ਦਾ ਸ਼ਿੰਗਾਰ ਹੁੰਦੇ ਸਨ। ਇਹ ਪਿੰਡ ਦੀ ਆਨ ਸ਼ਾਨ ਅਤੇ ਹਰ ਦੁੱਖ ਸੁੱਖ ਦੇ ਪ੍ਰਤੀਕ ਮੰਨੇ ਜਾਂਦੇ ਸਨ। ਇਨ੍ਹਾਂ ਦੇ ਆਲੇ ਦੁਆਲੇ ਇੱਟਾਂ ਦਾ ਪਕਾ ਥੜ੍ਹਾ ਬਣਾਇਆ ਹੁੰਦਾ ਸੀ, ਜਿਸ ਨੂੰ ਆਮ ਤੌਰ 'ਤੇ ਚੌਂਤਰਾ ਕਿਹਾ ਜਾਂਦਾ। ਇਹ ਚੌਂਤਰਾ ਵੇਲੇ ਕੁਵੇਲੇ ਸਟੇਜ ਦਾ ਕੰਮ ਵੀ ਦਿੰਦਾ ਸੀ। ਇਸ ਉਤੇ ਬੈਠ ਕੇ ਵਿਹਲੇ ਬਜ਼ੁਰਗ ਤਾਸ਼ ਜਾਂ ਪਾਸਾ ਖੇਡਦੇ ਸਨ। ਬੱਚੇ ਇਨ੍ਹਾਂ ਉਪਰ ਚੜ੍ਹ ਕੇ ਖੇਡਾਂ ਖੇਡਦੇ, ਕੁੜੀਆਂ ਸਾਉਣ ਦੇ ਮਹੀਨੇ ਇਨ੍ਹਾਂ ਟਾਹਣਿਆਂ ਉਪਰ ਰੱਸੇ ਬੰਨ੍ਹ ਕੇ ਪੀਂਘਾਂ ਝੂਟਦੀਆਂ। ਤੀਆਂ ਦਾ ਤਿਉਹਾਰ ਵੀ ਇਨ੍ਹਾਂ ਥੱਲੇ ਮਨਾਇਆ ਜਾਂਦਾ। ਗਿੱਧੇ ਤੇ ਬੋਲੀਆਂ ਪਾ ਕੇ ਖੁਸ਼ੀ ਮਨਾਈ ਜਾਂਦੀ ਤੇ ਇਹ ਟੱਪਾ ਜ਼ਰੂਰ ਗਾਇਆ ਜਾਂਦਾ:

ਸਾਉਣ ਵੀਰ ਇਕੱਠੀਆਂ ਕਰੇ
ਭਾਦੋਂ ਚੰਦਰੀ ਵਿਛੋੜਾ ਪਾਵੇ

ਭਾਵ ਪਿੱਪਲ/ ਬਰੋਟੇ ਪਿੰਡਾਂ ਦੀ ਰੌਣਕ ਮੰਨੇ ਜਾਂਦੇ ਸਨ। ਹਰ ਪਿੰਡ ਵਿੱਚ ਟੋਭਿਆਂ, ਮੰਦਰਾਂ, ਗੁਰਦੁਆਰਿਆਂ ਜਾਂ ਸ਼ਾਮਲਾਟ ਥਾਵਾਂ ਉਤੇ ਪਿੱਪਲ/ ਬਰੋਟੇ ਆਮ ਹੁੰਦੇ ਸਨ। ਇਨ੍ਹਾਂ ਹੇਠਾਂ ਗਰਮੀ ਵਿੱਚ ਪਿੰਡ ਦਾ ਵੱਗ (ਗਾਵਾਂ ਮੱਝਾਂ) ਅਤੇ ਭੇਡਾਂ ਬੱਕਰੀਆਂ ਦੇ ਇੱਜੜ ਧੁੱਪ ਤੋਂ ਬਚਣ ਲਈ ਬਿਠਾਏ ਜਾਂਦੇ। ਇਨ੍ਹਾਂ ਦੇ ਟਾਹਣਿਆਂ ਉਪਰ ਮੋਰ ਬੈਠ ਕੇ ਪੈਲਾਂ ਪਾਉਂਦੇ, ਪੰਛੀ ਕਲੋਲਾਂ ਕਰਦੇ ਤੇ ਕੋਇਲ ਦਾ ਕੂਕਣਾ ਤੇ ਚਿੜੀਆਂ ਦਾ ਚੂੰ-ਚੂੰ ਕਰਨਾ ਬੜਾ ਮਿੱਠਾ ਤੇ ਪਿਆਰਾ ਲੱਗਦਾ ਸੀ। ਘੁੱਗੀਆਂ ਦੀ ਘੂੰ-ਘੂੰ ਦਾ ਅਰਥ ਹਰ ਮਨੁੱਖ ਆਪਣੀ ਮਰਜ਼ੀ ਅਨੁਸਾਰ ਕੱਢਦਾ। ਇਸ ਤਰ੍ਹਾਂ ਪਿੱਪਲ/ ਬਰੋਟਿਆਂ ਦੇ ਚਿਹਰਿਆਂ 'ਤੇ ਰੌਣਕ ਤੇ ਖੁਸ਼ੀ ਹੁੰਦੀ। ਥੋੜ੍ਹੀ ਜਿਹੀ ਹਵਾ ਨਾਲ ਇਨ੍ਹਾਂ ਦੇ ਪੱਤੇ ਖੜ-ਖੜ ਕਰਨ ਲੱਗ ਪੈਂਦੇ।



ਪਿੱਪਲ ਦਿਆ ਪੱਤਿਆ ਵੇ, ਕਿਉਂ ਖੜ-ਖੜ ਲਾਈ ਐ
ਪੱਤ ਝੜੇ ਪੁਰਾਣੇ ਵੇ, ਰੁੱਤ ਨਵਿਆਂ ਦੀ ਆਈ ਐ।

ਪਿੱਪਲ ਦਾ ਦਰੱਖਤ ਅਜਿਹਾ ਹੈ ਕਿ ਮਨੁੱਖ ਦੀਆਂ ਲੋੜਾਂ ਅਨੁਸਾਰ ਆਪਣੇ ਆਪ ਨੂੰ ਢਾਲ ਲੈਂਦਾ ਹੈ। ਸਰਦੀਆਂ ਵਿੱਚ ਧੁੱਪ ਦੇਣ ਲਈ ਇਸ ਦੇ ਸਾਰੇ ਪੱਤੇ ਝੜ ਜਾਂਦੇ ਹਨ ਤੇ ਗਰਮੀਆਂ ਵਿੱਚ ਠੰਢੀ ਤੇ ਸੰਘਣੀ ਛਾਂ ਦੇਣ ਲਈ ਹਰੇ ਕਚੂਰ ਪੱਤੇ ਨਿਕਲ ਆਉਂਦੇ ਹਨ। ਪਿੱਪਲਾਂ/ਬੋਹੜਾਂ ਥੱਲੇ ਗਾਉਣ ਵਜਾਉਣ ਦੇ ਅਖਾੜੇ ਲੱਗਦੇ ਸਨ, ਜਿਥੇ ਬੈਠੇ ਪਿੰਡ ਦੇ ਲੋਕ ਇਨ੍ਹਾਂ ਦਾ ਆਨੰਦ ਮਾਣਦੇ ਤੇ ਮਨ ਪ੍ਰਚਾਵੇ ਕਰਦੇ। ਮਿਰਜ਼ਾ-ਸਾਹਿਬਾ, ਹੀਰ-ਰਾਂਝਾ, ਸੱਸੀ-ਪੁਨੂੰ, ਪੂਰਨ ਭਗਤ ਆਦਿ ਪੁਰਾਣੇ ਕਿੱਸਿਆਂ ਦੀਆਂ ਕਹਾਣੀਆਂ ਨੂੰ ਸੁਣਿਆ ਜਾਂਦਾ। ਇਸ ਤਰ੍ਹਾਂ ਲੋਕੀਂ ਪੁਰਾਣੇ ਪੇਂਡੂ ਸੱਭਿਆਚਾਰ ਨਾਲ ਜੁੜੇ ਰਹਿੰਦੇ। ਜੱਗੇ ਸੂਰਮੇ ਦੀ ਮੌਤ ਬਾਰੇ ਆਮ ਕਿਹਾ ਜਾਂਦਾ ਸੀ:

ਜੱਗਾ ਮਾਰਿਆ ਬੋਹੜ ਦੀ ਛਾਂਵੇ,
ਨੌਂ ਮਣ ਪੱਕੀ ਰੇਤ ਭਿੱਜ ਗਈ।

ਜੱਗੇ ਦੀ ਮੌਤ ਬਾਰੇ ਜਦੋਂ ਜੱਗੇ ਦੀ ਮਾਂ ਨੂੰ ਪਤਾ ਲੱਗਦਾ ਹੈ ਤਾਂ ਉਚੀ-ਉਤੀ ਕੀਰਨੇ ਪਾਉਂਦੀ ਹੈ:

ਜੇ ਮੈਂ ਜਾਣਦੀ ਜੱਗੇ ਨੇ ਮਰ ਜਾਣਾ
ਡੱਬੀ 'ਚ ਪਾ ਰੱਖਦੀ

ਪਰ ਹੁਣ ਸਮਾਂ ਬਦਲਣ ਨਾਲ ਪਿੱਪਲ/ ਬਰੋਟੇ ਪਿੰਡਾਂ 'ਚੋਂ ਗਾਇਬ ਹੋ ਗਏ ਹਨ। ਜੇ ਕਿਸੇ ਪਿੰਡ ਵਿੱਚ ਖੜੇ ਹਨ ਤਾਂ ਉਨ੍ਹਾਂ ਦੇ ਚਿਹਰਿਆਂ 'ਤੇ ਰੌਣਕ ਜਾਂ ਖੁਸ਼ੀ ਨਹੀਂ ਦਿਸਦੀ। ਹੁਣ ਉਹ ਉਦਾਸ ਤੇ ਮਾਯੂਸ ਨਜ਼ਰ ਆਉਂਦੇ ਹਨ। ਅੱਗੇ ਵਾਂਗੂ ਹੁਣ ਇਨ੍ਹਾਂ ਥੱਲੇ ਮਹਿਫਲਾਂ ਨਹੀਂ ਜੁੜਦੀਆਂ। ਲੋਕਾਂ ਦੀਆਂ ਰੌਣਕਾਂ ਨਹੀਂ ਲੱਗਦੀਆਂ, ਕਿਉਂਕਿ ਹੁਣ ਲੋਕਾਂ ਕੋਲ ਵਿਹਲ ਹੀ ਨਹੀਂ। ਬਿਜਲੀ ਤੇ ਟੈਲੀਵੀਜ਼ਨ ਹਰ ਘਰ ਵਿੱਚ ਹੋਣ ਕਰਕੇ ਆਪਣਾ ਵਿਹਲਾ ਸਮਾਂ ਘਰਾਂ ਵਿੱਚ ਗੁਜ਼ਾਰਦੇ ਹਨ। ਬੱਚਿਆਂ ਦੀ ਪੜ੍ਹਾਈ ਔਖੀ ਤੇ ਸਿਲੇਬਸ ਵੱਡੇ ਹੋਣ ਕਰਕੇ ਟਿਊਸ਼ਨਾਂ ਖਤਮ ਨਹੀਂ ਹੁੰਦੀਆਂ। ਤੀਆਂ ਦੇ ਰਿਵਾਜ ਹੀ ਖਤਮ ਹੋ ਰਹੇ ਹਨ। ਲੜਕੀਆਂ ਨੂੰ ਹੁਣ ਪੜ੍ਹਨ ਲਿਖਣ ਲਈ ਦੂਰ ਦੁਰ-ਾਡੇ ਕਾਲਜਾਂ ਵਿੱਚ ਜਾਣਾ ਪੈਂਦਾ ਹੈ। ਉਥੇ ਹੋਸਟਲਾਂ ਵਿੱਚ ਰਹਿਣ ਕਰਕੇ ਪਿੱਪਲ/ਬਰੋਟਿਆਂ ਨਾਲ ਸਬੰਧ ਹੀ ਟੁੱਟ ਗਿਆ ਹੈ।

ਪੰਛੀਆਂ ਦੀ ਹੋਂਦ ਹੀ ਹੌਲੀ-ਹੌਲੀ ਖਤਮ ਹੋ ਗਈ ਹੈ। ਕੋਇਲਾਂ ਦਾ ਕੂਕਣਾਂ, ਮੋਰਾਂ ਦਾ ਪੈਲ ਪਾਉਣਾ, ਚਿੜੀਆਂ ਦਾ ਆਲ੍ਹਣੇ ਬਣਾਉਣਾ ਅਤੇ ਘੁੱਗੀਆਂ ਦੀ ਘੂੰ-ਘੂੰ ਬੀਤੇ ਸਮੇਂ ਦੀਆਂ ਗੱਲਾਂ ਲੱਗਦੀਆਂ ਹਨ ਕਿਉਂਕਿ ਪਿੰਡਾਂ ਵਿੱਚ ਪਿੱਪਲ/ ਬਰੋਟੇ ਵੱਢਣ ਕਰਕੇ ਤੇ ਟੈਲੀਫੋਨ ਕੰਪਨੀਆਂ ਦੇ ਟਾਵਰਾਂ ਕਰਕੇ ਪੰਛੀਆਂ ਦੀ ਹੋਂਦ ਖਤਰੇ ਵਿੱਚ ਹੋ ਗਈ ਹੈ। ਇਸ ਲਈ ਜੋ ਕਦੇ ਦਰਵਾਜ਼ੇ ਦੇ ਮੂਹਰੇ ਪਿੱਪਲ/ ਬਰੋਟੇ ਪਿੰਡ ਦਾ ਧੁਰਾ ਮੰਨੇ ਜਾਂਦੇ ਸਨ ਤੇ ਹਰ ਸਰਗਰਮੀ ਦੇ ਭਾਈਵਾਲ ਹੁੰਦੇ ਸਨ। ਸਾਰੇ ਪਿੰਡਾਂ ਦਾ ਨਰੋਆ ਤੇ ਸਿਹਤਮੰਦ ਸੱਭਿਆਚਾਰ ਹੁੰਦੇ ਸਨ। ਹੁਣ ਉਥੇ ਵਿਰਾਨੀ ਛਾਈ ਰਹਿੰਦੀ ਹੈ। ਇਸ ਤਰ੍ਹਾਂ ਪਿੰਡਾਂ ਵਿੱਚ ਪਿੱਪਲ/ਬਰੋਟਿਆਂ ਦਾ ਪੇਂਡੂ ਸੱਭਿਆਚਾਰ ਹੌਲੀ-ਹੌਲੀ ਅਲੋਪ ਹੋ ਗਿਆ।


## ਜ਼ਰੂਰ ਜਾਣੋ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224



## General ਵੱਰਕਰਾਂ ਦੀ ਤੁਰੰਤ ਲੋੜ ਹੈ

ਬ੍ਰੈਂਪਟਨ ਤੋਂ ਸਿਰਫ 30 ਮਿੰਟਾਂ ਦੀ ਦੂਰੀ ਤੇ

Galvanizing plant located in Acton, ON


ਸਾਰੀਆਂ Shifts available ਹਨ

ਦਿਤੀਆਂ ਜਾਣ ਵਾਲੀਆਂ ਸਹੂਲਤਾਂ:
- Starting wage $16/hr + Medical Benefits
- Company Pension Plan
- Quarterly Incentive bonus

Send Resume to: christopherbrock@azz.com



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

# ਹਨੇਰੀ ਨਾਲ ਰੁੱਖ ਪੁੱਟੇ ਜਾਂਦੇ, ਪਰ ਝਿੜੀ ਕਦੇ ਨਹੀਂ ਪੁੱਟੀ ਜਾਂਦੀ



ਜਤਿੰਦਰ ਪਨੂੰ

ਭਾਰਤ ਉਸ ਚੌਰਾਹੇ ਵਿੱਚ ਦਾਖਲ ਹੋ ਚੁੱਕਾ ਹੈ, ਜਿੱਥੇ ਇਸ ਨੇ ਆਪਣੇ ਅਗਲੇ ਦੌਰ ਲਈ ਇੱਕ ਰਾਹ ਚੁਣਨਾ ਹੈ ਤੇ ਇਹ ਚੋਣ ਇਸ ਦੇਸ਼ ਦੇ ਲੋਕਾਂ ਨੇ ਵੋਟਾਂ ਪਾ ਕੇ ਕਰਨੀ ਹੈ, ਜਿਸ ਨੂੰ ਲੋਕਾਂ ਦਾ ਫਤਵਾ ਕਿਹਾ ਜਾਂਦਾ ਹੈ। ਬੀਤੇ ਨਵੰਬਰ ਦੀ ਛੱਬੀ ਤਾਰੀਖ ਨੂੰ ਇਸ ਦੀ ਮੌਜੂਦਾ ਸਰਕਾਰ ਦੇ ਸਾਢੇ ਚਾਰ ਸਾਲ ਪੂਰੇ ਹੋ ਜਾਣ ਪਿੱਛੋਂ ਆਖਰੀ ਛਿਮਾਹੀ ਚੱਲ ਪਈ ਹੈ ਤਾਂ ਹਰ ਕਿਸੇ ਦਾ ਧਿਆਨ ਅਗਲੀ ਚੋਣ ਵੱਲ ਲੱਗਾ ਪਿਆ ਹੈ। ਸਿਆਸੀ ਗੱਠਜੋੜ ਬਣਦੇ ਫਿਰਦੇ ਹਨ। ਇਸ ਦੌਰਾਨ ਹਾਲਾਤ ਦੇ ਉਤਲੇ ਵਹਿਣ ਹੇਠ ਭਾਰਤੀ ਸਮਾਜ ਵਿੱਚ ਜਿਹੜੀ ਦੱਬੀ ਜਿਹੀ ਲਹਿਰ ਚੱਲ ਰਹੀ ਹੈ, ਉਹ ਬਹੁਤੇ ਲੋਕਾਂ ਨੂੰ ਅਜੇ ਦਿੱਸ ਨਹੀਂ ਰਹੀ। ਇਸ ਹਫਤੇ ਭਾਰਤ ਦੇ ਸਭ ਤੋਂ ਵੱਡੇ ਰਾਜ ਉੱਤਰ ਪ੍ਰਦੇਸ਼ ਵਿੱਚ ਇੱਕ ਪੁਲਸ ਇੰਸਪੈਕਟਰ ਦੇ ਕਤਲ ਨੇ ਉਸ ਨੂੰ ਮਹਿਸੂਸ ਕਰਨ ਦਾ ਮੌਕਾ ਦਿੱਤਾ ਹੈ, ਪਰ ਉਸ ਨੂੰ ਅਣਗੌਲਿਆ ਕਰ ਕੇ ਭਾਰਤ ਦੀ ਰਾਜਨੀਤੀ ਤੇ ਸਮਾਜ ਦੇ ਰਹਿਬਰ ਆਪਣੀ ਪੱਕੀ ਲੀਹ ਉੱਤੇ ਤੁਰੇ ਜਾਣ ਨੂੰ ਪਹਿਲ ਦੇ ਰਹੇ ਹਨ। ਅਣਗੌਲਿਆ ਕਰਨਾ ਹੀ ਤਾਂ ਖਤਰਨਾਕ ਹੈ।

ਜਦੋਂ ਅਪਰੇਸ਼ਨ ਬਲਿਊ ਸਟਾਰ ਦੀ ਮੰਦ-ਭਾਗੀ ਘਟਨਾ ਹੋਈ ਤਾਂ ਇਸ ਦਾ ਪਹਿਲਾ ਤੇ ਸਭ ਤੋਂ ਦੁਖਦਾਈ ਅਸਰ ਸਾਡੇ ਪੰਜਾਬ ਵਿੱਚ ਪਿਆ ਸੀ ਤੇ ਬਹੁਤਾ ਕਰ ਕੇ ਪੰਜਾਬੀਆਂ ਨੇ ਭੁਗਤਿਆ ਸੀ। ਉਸ ਦੇ ਬਾਅਦ ਇੰਦਰਾ ਗਾਂਧੀ ਦੇ ਕਤਲ ਦੀ ਘਟਨਾ ਵਾਪਰੀ ਤੇ ਉਸ ਪਿੱਛੋਂ ਦਿੱਲੀ ਅਤੇ ਹੋਰ ਥਾਂਈਂ ਸਿੱਖ ਵਿਰੋਧੀ ਹਿੰਸਾ ਹੁੰਦੀ ਵੇਖੀ ਗਈ ਤਾਂ ਉਸ ਦਾ ਅਸਰ ਵੀ ਬਹੁਤਾ ਕਰ ਕੇ ਓਦੋਂ ਪੰਜਾਬ ਤੇ ਸਿੱਖਾਂ ਉੱਤੇ ਪਿਆ ਹੋਣ ਦੇ ਨਾਲ ਬਾਕੀ ਭਾਰਤ ਦੇ ਸਮਾਜ ਅਤੇ ਰਾਜਨੀਤੀ ਉੱਤੇ ਉਸ ਦਾ ਜਿੰਦਾਂ ਦਾ ਅਸਰ ਪਿਆ ਸੀ, ਉਸ ਨੂੰ ਵੇਲੇ ਸਿਰ ਨੋਟ ਨਹੀਂ ਕੀਤਾ ਗਿਆ। ਹਕੀਕਤ ਇਹ ਸੀ ਕਿ ਉਨ੍ਹਾਂ ਦੋ ਘਟਨਾਵਾਂ ਦਾ ਅਸਰ ਪੈ ਕੇ ਇਸ ਦੇਸ਼ ਦੀ ਬਹੁ-ਗਿਣਤੀ ਨੂੰ ਉਕਸਾਉਣ ਦੀ ਰਾਜਨੀਤਕ ਲਹਿਰ ਚੱਲ ਪਈ ਅਤੇ ਹੌਲੀ-ਹੌਲੀ ਇਸ ਹੱਦ ਤੱਕ ਚਲੀ ਗਈ ਕਿ ਅੱਜ ਦੇ ਸਮੇਂ ਵਿੱਚ ਜਦੋਂ ਚੋਣਾਂ ਦਾ ਦੌਰ ਆਉਂਦਾ ਹੈ, ਸੁੱਖ ਮੰਗਣ ਨੂੰ ਜੀਅ ਕਰਦਾ ਹੈ। ਓਦੋਂ ਪ੍ਰਧਾਨ ਮੰਤਰੀ ਬਣੇ ਰਾਜੀਵ ਗਾਂਧੀ ਨੇ ਇਨ੍ਹਾਂ ਘਟਨਾਵਾਂ, ਖਾਸ ਕਰ ਕੇ ਆਪਣੀ ਮਾਂ ਦੇ ਕਤਲ ਦੇ ਬਾਅਦ ਹਿੰਦੂ ਫਿਰਕਾ ਪ੍ਰਸਤੀ ਨੂੰ ਵਰਤਣ ਦਾ ਦਾਅ ਖੇਡਿਆ ਸੀ, ਜਿਸ ਨਾਲ ਉਹ ਲੋਕ ਸਭਾ ਵਿੱਚ ਚਾਰ ਸੌ ਤੋਂ ਵੱਧ ਸੀਟਾਂ ਲੈ ਗਿਆ ਤੇ ਹਿੰਦੂਤੱਵ ਮਾਰਕੇ ਦੀ ਰਾਜਨੀਤੀ ਕਰਨ ਵਾਲੀ ਭਾਰਤੀ ਜਨਤਾ ਪਾਰਟੀ ਵਾਲਿਆਂ ਦੇ ਪੱਲੇ ਸਿਰਫ ਦੋ ਸੀਟਾਂ ਪਈਆਂ ਸਨ। ਰਾਜੀਵ ਇਸ ਤੋਂ ਖੁਸ਼ ਸੀ, ਪਰ ਬਾਕੀ ਲੋਕ ਇਸ ਗੱਲੋਂ ਅਵੇਸਲੇ ਸਨ ਕਿ ਇਸ ਵਿੱਚੋਂ ਹਿੰਦੂ ਭਾਈਚਾਰੇ ਨੂੰ ਉਕਸਾਉਣ ਦੀ ਮੁਕਾਬਲੇਬਾਜ਼ੀ ਹੋਵੇਗੀ ਤੇ ਉਹ ਉਕਸਾਊਪੁਣਾ ਇਸ ਦੇਸ਼ ਨੂੰ ਲੀਹੋ ਤੋਂ ਲਾਹ ਦੇਵੇਗਾ। ਅੱਜ ਇਹ ਕੁਝ ਹੁੰਦਾ ਸਾਫ ਦਿੱਸਦਾ ਹੈ।

ਉਸ ਵਕਤ ਇਹ ਗੱਲ ਭੁਲਾ ਦਿੱਤੀ ਗਈ ਸੀ ਕਿ ਜੇ ਸਿੱਖਾਂ ਨੂੰ ਉਕਸਾਉਣ ਦਾ ਮੁਕਾਬਲਾ ਹੋਵੇ ਤਾਂ ਅਕਾਲੀ ਦਲ ਦੇ ਆਗੂਆਂ ਨਾਲ ਮੁਕਾਬਲੇ ਵਿੱਚ ਕਾਂਗਰਸ ਕਦੇ ਵੀ ਕਾਮਯਾਬ ਨਹੀਂ ਹੋ ਸਕਦੀ ਤੇ ਏਦਾਂ ਹੀ ਹਿੰਦੂ ਫਿਰਕਾ ਪ੍ਰਸਤੀ ਵਾਲੇ ਮੋਰਚੇ ਉੱਤੇ ਨਿਰੋਲ ਹਿੰਦੂਤੱਵ ਦੀ ਹਮਾਇਤੀ ਭਾਜਪਾ ਨਾਲ ਕਾਂਗਰਸ ਬਰਾਬਰ ਨਹੀਂ ਭਿੜ ਸਕਦੀ। ਕਾਂਗਰਸੀ ਆਗੂ ਤਾਂ ਸਿਰਫ ਚੋਭਾਂ ਲਾ ਕੇ ਸੀਮਤ ਜਿਹੀ ਫਿਰਕਾ ਪ੍ਰਸਤੀ ਦਾ ਦਾਅ ਖੇਡਦੇ ਅਤੇ ਇਸ ਦਾ ਲਾਹਾ ਖੱਟਣ ਦਾ ਕੰਮ ਹੀ ਕਰ ਸਕਦੇ ਹਨ, ਉਹ ਇਹ ਗੱਲ ਨਹੀਂ ਜਾਣਦੇ ਕਿ ਜਿਹੜੀ ਚੁਆਤੀ ਉਹ ਲਾਉਂਦੇ ਹਨ, ਉਸ ਨੂੰ ਉਨ੍ਹਾਂ ਦੇ ਵਿਰੋਧੀ ਵਰਤਦੇ ਰਹੇ ਹਨ ਅਤੇ ਅੱਜ ਵੀ ਵਰਤ ਰਹੇ ਹਨ। ਬਾਬਰੀ ਮਸਜਿਦ ਅਤੇ ਰਾਮ ਮੰਦਰ ਵਾਲੇ ਵਿਵਾਦ ਵਿੱਚ ਜਿਸ ਅਹਾਤੇ ਨੂੰ ਤਾਲਾ ਲੱਗਾ ਕਾਂਗਰਸ ਦੇ ਪ੍ਰਧਾਨ ਮੰਤਰੀ ਹੁੰਦਿਆਂ ਰਾਜੀਵ ਗਾਂਧੀ ਨੇ ਖੁੱਲ੍ਹਵਾਇਆ ਸੀ, ਉਸ ਥਾਂ ਮਸਜਿਦ ਨੂੰ ਢਾਹੁਣ ਅਤੇ ਫਿਰ ਮੰਦਰ ਬਣਾਉਣ ਦੀ ਮੁਹਿੰਮ ਦੀ ਕਮਾਂਡ ਭਾਜਪਾ ਨੇ ਖੋਹ ਲਈ ਸੀ। ਕਾਂਗਰਸੀ ਆਗੂ ਆਪਣੇ ਹੱਥਾਂ ਨਾਲ ਗੰਢਾਂ ਦੇਣ ਪਿੱਛੋਂ ਦੰਦਾਂ ਨਾਲ ਵੀ ਖੋਲ੍ਹਣ ਵਿੱਚ ਕਾਮਯਾਬ ਨਹੀਂ ਹੋ ਰਹੇ ਤੇ ਭੁਗਤਣ ਲਈ ਮਜਬੂਰ ਹਨ। ਹੋਇਆ ਸਗੋਂ ਇਹ ਹੈ ਕਿ ਹਿੰਦੂ ਫਿਰਕਾ ਪ੍ਰਸਤੀ ਏਨੀ ਖੁੱਲ੍ਹਾ ਖੇਡਣ ਲੱਗ ਪਈ ਹੈ ਕਿ ਉਸ ਨੂੰ ਕੋਈ ਝਿਜਕ ਵੀ ਨਹੀਂ ਰਹੀ।

ਪੈਂਤੀ ਸਾਲ ਪਹਿਲਾਂ ਤੱਕ ਦੰਗੇ ਤਾਂ ਹੋ ਜਾਂਦੇ ਸਨ, ਪਰ ਕਦੇ ਇਹ ਨਹੀਂ ਸੀ ਸੁਣਿਆ ਕਿ ਫਿਰਕਾ ਪ੍ਰਸਤਾਂ ਨੇ ਕਿਸੇ ਬੁੱਧੀਜੀਵੀ ਜਾਂ ਤਰਕਸ਼ੀਲ ਨੂੰ ਇਸ ਕਰ ਕੇ ਮਾਰ ਦਿੱਤਾ ਹੈ ਕਿ ਉਹ ਉਨ੍ਹਾਂ ਦੀ ਸੋਚ ਦਾ ਵਿਰੋਧ ਕਰਦਾ ਸੀ। ਪਿਛਲੇ ਸਾਲਾਂ ਵਿੱਚ ਜਿਹੜੀ ਕਾਂਗ ਆਈ ਸੀ, ਉਸ ਵਿੱਚ ਖੱਬੇ-ਪੱਖੀ ਆਗੂ ਗੋਵਿੰਦ ਪੰਸਾਰੇ, ਤਰਕਸ਼ੀਲ ਨਰਿੰਦਰ ਡਾਭੋਲਕਰ ਤੇ ਇੱਕ ਸਾਬਕਾ ਵਾਈਸ ਚਾਂਸਲਰ ਕਲਬੁਰਗੀ ਦੇ ਕਤਲ ਪਿੱਛੋਂ ਦਲੀਲ ਨਾਲ ਲਿਖਣ ਵਾਲੀ ਪੱਤਰਕਾਰ ਗੌਰੀ ਲੰਕੇਸ਼ ਦੇ ਕਤਲ ਦੀ ਨੌਬਤ ਵੀ ਆ ਚੁੱਕੀ ਹੈ। ਜਿਹੜੇ ਲੋਕ ਗੌਰੀ ਲੰਕੇਸ਼ ਅਤੇ ਹੋਰ ਕਤਲਾਂ ਲਈ ਫੜੇ ਗਏ ਹਨ, ਉਨ੍ਹਾਂ ਦੀ ਹਿੱਟ ਲਿਸਟ ਵਿੱਚ ਏਦਾਂ ਦੇ ਬੁੱਧੀਜੀਵੀ ਹੋਰ ਵੀ ਲਿਖੇ ਨਿਕਲੇ ਹਨ ਤੇ ਇਨ੍ਹਾਂ ਵਿੱਚ ਦੋ ਪੰਜਾਬੀ ਹਨ। ਇਹ ਕਦੋਂ ਤੱਕ ਜਿੰਦਾ ਰਹਿਣਗੇ, ਅੱਜ ਵਾਲੇ ਮਾਹੌਲ ਵਿੱਚ ਕੋਈ ਗਾਰੰਟੀ ਨਹੀਂ ਮਿਲ ਸਕਦੀ। ਰਾਜ-ਸ਼ਕਤੀ ਦੇ ਆਸ਼ੀਰਵਾਦ ਨਾਲ ਉੱਤਰ ਪ੍ਰਦੇਸ਼ ਵਿੱਚ ਕਾਤਲਾਂ ਨੇ ਉਹ ਪੁਲਸ ਇੰਸਪੈਕਟਰ ਮਾਰ ਦਿੱਤਾ ਹੈ, ਜਿਸ ਨੇ ਮੌਜੂਦਾ ਸਰਕਾਰ ਬਣਨ ਤੋਂ ਕੁਝ ਦਿਨ ਪਿੱਛੋਂ ਉਸ ਰਾਜ ਦੇ ਇੱਕ ਪਿੰਡ ਵਿੱਚ ਮਾਰੇ ਗਏ ਅਖਲਾਕ ਖਾਨ ਦੇ ਕੇਸ ਦੀ ਜਾਂਚ ਕੀਤੀ ਸੀ। ਇੰਸਪੈਕਟਰ ਦੇ ਘਰ ਵਾਲੇ ਦੱਸਦੇ ਹਨ ਕਿ ਉਸ ਨੂੰ ਉਸ ਕੇਸ ਦੀ ਜਾਂਚ ਉੱਤੇ ਗਵਾਹੀ ਦੇਣ ਤੋਂ ਰੋਕਣ ਲਈ ਧਮਕੀਆਂ ਮਿਲ ਰਹੀਆਂ ਸਨ ਤੇ ਜਦੋਂ ਇਸ ਹਫਤੇ ਵਿੱਚ ਬੁਲੰਦ ਸ਼ਹਿਰ ਵਿੱਚ ਗਊ ਹੱਤਿਆ ਦੇ ਰੌਲੇ ਦੌਰਾਨ ਉਸ ਦੀ ਹੱਤਿਆ ਹੋਈ ਤਾਂ ਭੀੜ ਹੱਥੋਂ ਮਾਰ-ਿਆ ਗਿਆ ਦੱਸ ਕੇ ਉਸ ਨੂੰ ਮਾਰ ਮੁਕਾਇਆ ਗਿਆ ਹੈ। ਜ਼ਾਹਰਾ ਤੌਰ ਉੱਤੇ ਕਿਹਾ ਗਿਆ ਕਿ ਭੜਕੀ ਹੋਈ ਭੀੜ ਨੇ ਕੁੱਟ-ਕੁੱਟ ਮਾਰ ਦਿੱਤਾ ਹੈ, ਪਰ ਬਾਅਦ ਵਿੱਚ ਗੱਲ ਸਾਹਮਣੇ ਆਈ ਕਿ ਮੌਤ ਗੋਲੀ ਨਾਲ ਹੋਈ ਹੈ, ਭੀੜ ਤਾਂ ਐਵੇਂ ਉਸ ਦੀ ਲਾਸ਼ ਨੂੰ ਹੀ ਡਾਂਗਾਂ ਨਾਲ ਕੁੱਟਦੀ ਰਹੀ ਸੀ। ਗੁੰਡਿਆਂ ਨਾਲ ਮੁਕਾਬਲਾ ਕਰਦਿਆਂ ਮਾਰੇ ਗਏ ਗਏ ਪੁਲਸ ਅਫਸਰ ਦਾ ਪੁੱਤਰ ਉਹ ਇੰਸਪੈਕਟਰ ਆਪਣੇ ਬਾਪ ਦੇ ਵਾਂਗ ਆਪਣੇ ਫਰਜ਼ ਤੋਂ ਕੁਰਬਾਨ ਹੋ ਗਿਆ, ਪਰ ਸਮਾਜ ਨੂੰ ਉਸ ਦੀ ਕੋਈ ਪ੍ਰਵਾਹ ਹੀ ਨਹੀਂ। ਪ੍ਰਵਾਹ ਇਸ ਕਰ ਕੇ ਨਹੀਂ ਕਿ ਇਸ ਸਮਾਜ ਅਤੇ ਰਾਜਨੀਤੀ ਦੇ ਵਹਿਣ ਦੇ ਹੇਠਾਂ ਇੱਕ ਵਹਿਣ ਹੋਰ ਵਗਦਾ ਪਿਆ ਹੈ।

ਵਿਸ਼ਵ ਹਿੰਦੂ ਪ੍ਰੀਸ਼ਦ ਦਾ ਇੱਕ ਆਗੂ ਅਸ਼ੋਕ ਸਿੰਘਲ ਇਸ ਵੇਲੇ ਦੁਨੀਆ ਵਿੱਚ ਨਹੀਂ। ਉਹ ਕਿਹਾ ਕਰਦਾ ਸੀ ਕਿ ਨਰਿੰਦਰ ਮੋਦੀ ਸਰਕਾਰ ਆਈ ਤਾਂ ਸਾਡੀ ਅੱਠ ਸੌ ਸਾਲਾਂ ਦੀ ਗੁਲਾਮੀ ਕੱਟੀ ਗਈ ਹੈ। ਇਸ ਦਾ ਅਰਥ ਇਹ ਸੀ ਕਿ ਉਹ ਕੁਤਬ-ਉਦ-ਦੀਨ ਐਬਕ ਅਤੇ ਉਸ ਤੋਂ ਬਾਅਦ ਦੇ ਸਾਰੇ ਭਾਰਤੀ ਹਾਕਮਾਂ ਦੇ ਰਾਜ ਨੂੰ ਗੁਲਾਮੀ ਮੰਨਦਾ ਸੀ। ਅੱਗੋਂ ਇਸ ਦਾ ਭਾਵ ਇਹ ਹੈ ਕਿ ਜਵਾਹਰ ਲਾਲ ਨਹਿਰੂ ਤੋਂ ਲੈ ਕੇ ਇੰਦਰ ਕੁਮਾਰ ਗੁਜਰਾਲ ਤੱਕ ਦੇ ਸਾਰੇ ਪ੍ਰਧਾਨ ਮੰਤਰੀਆਂ ਦੇ ਸਮੇਂ ਨੂੰ ਵੀ ਉਹ ਹਿੰਦੂਆਂ ਦੀ ਗੁਲਾਮੀ ਸਮਝਦਾ ਸੀ ਤੇ ਜਦੋਂ ਉਹ ਨਰਿੰਦਰ ਮੋਦੀ ਰਾਜ ਵੇਲੇ ਇਸ ਗੁਲਾਮੀ ਦਾ ਖਾਤਮਾ ਕਹਿ ਰਿਹਾ ਸੀ ਤਾਂ ਇਸ ਦਾ ਭਾਵ ਹੈ ਕਿ ਵਾਜਪਾਈ ਸਰਕਾਰ ਨੂੰ ਵੀ ਉਹ ਏਸੇ ਖਾਤੇ ਵਿੱਚ ਰੱਖਦਾ ਸੀ। ਓਦੋਂ ਅਸ਼ੋਕ ਸਿੰਘਲ ਇੱਕੋ ਬੰਦਾ ਇਹੋ ਜਿਹੇ ਭਾਸ਼ਣ ਕਰਦਾ ਹੁੰਦਾ ਸੀ, ਅੱਜ ਉਹੋ ਜਿਹੀ ਬੋਲੀ ਵਰਤਣ ਵਾਲੇ ਹੋਰ ਕਈ ਏਦਾਂ ਦੇ ਲੋਕ ਨਿਕਲ ਆਏ ਹਨ, ਜਿਨ੍ਹਾਂ ਬਾਰੇ ਕਦੇ ਕਿਸੇ ਨੇ ਸੋਚਿਆ ਨਹੀਂ ਸੀ ਕਿ ਇਹ ਵੀ ਏਦਾਂ ਦੇ ਹੋ ਸਕਦੇ ਹਨ।

ਮੌਕਾ ਬਹੁਤ ਨਾਜ਼ਕ ਹੈ। ਫਿਰਕੂ ਕਾਂਗ ਚੜ੍ਹਦੀ ਅਤੇ ਹੋਰ ਚੜ੍ਹਦੀ ਜਾ ਰਹੀ ਹੈ। ਇਸ ਦਾ ਰਾਹ ਰੋਕਣ ਵਾਲੇ ਲੋਕਾਂ ਦੇ ਮੱਤਭੇਦ ਏਨੇ ਜ਼ਿਆਦਾ ਹਨ ਕਿ ਲੋਕਾਂ ਦੇ ਦਰਦ ਵਾਲੀ ਜਿਸ ਕਮੇਟੀ ਵਿੱਚ ਪੰਜ ਜਣੇ ਬਾਕੀ ਹਨ, ਉਨ੍ਹਾਂ ਨੇ ਹੋਰ ਕੋਈ ਕਾਰਵਾਈ ਕੀ ਕਰਨੀ, ਪਹਿਲਾਂ ਮੀਟਿੰਗ ਦੀ ਪ੍ਰਧਾਨਗੀ ਦੇ ਮੁੱਦੇ ਤੋਂ ਸਿੰਗ ਫਸਾਉਣ ਤੱਕ ਚਲੇ ਜਾਂਦੇ ਹਨ। ਹਨੇਰੀ ਵੱਡੀ ਆਵੇ ਤਾਂ ਚੁਗੱਤਿਆਂ ਵੇਲੇ ਲਾਏ ਹੋਏ ਰੁੱਖ ਵੀ ਪੁੱਟੇ ਜਾਂਦੇ ਹੁੰਦੇ ਹਨ। ਰੁੱਖਾਂ ਦੀ ਝਿੜੀ ਨਹੀਂ ਪੁੱਟੀ ਜਾਂਦੀ। ਕਾਰਨ ਇਹ ਹੈ ਕਿ ਝਿੜੀ ਵਾਲੇ ਇੱਕ ਦੂਜੇ ਨਾਲ ਪੱਕੇ ਯਾਰਾਂ ਦੇ ਕੜੰਘੜੀ ਪਾਉਣ ਵਾਂਗ ਫਸੇ ਹੁੰਦੇ ਹਨ। ਆਹ ਵਕਤ ਆਪਸੀ ਮੱਤਭੇਦਾਂ ਦੇ ਫੁੰਕਾਰੇ ਛੱਡਣ ਦਾ ਨਹੀਂ, ਭਾਰਤ ਦੇ ਭਵਿੱਖ ਲਈ ਸੈਕੂਲਰ ਤਾਕਤਾਂ ਦੇ ਰੁੱਖਾਂ ਦੀ ਝਿੜੀ ਵਾਂਗ ਜੁੜਨ ਦਾ ਹੈ। ਜੇ ਵਕਤ ਗੁਆ ਬੈਠੇ ਤਾਂ ਸਾਰਿਆਂ ਨੂੰ ਭੁਗਤਣਾ ਪਵੇਗਾ। ਪੂਰੇ ਦੇਸ਼ ਨੂੰ ਭੁਗਤਣਾ ਪਵੇਗਾ। 'ਮੈਂ ਹੀ ਮੈਂ' ਕਰਨ ਵਾਲਿਆਂ ਨੂੰ ਸਮਝਣਾ ਚਾਹੀਦਾ ਹੈ ਕਿ 'ਡੁਬੇਗੀ ਕਿਸ਼ਤੀ ਤੋਂ ਡੂਬੇਂਗੇ ਸਾਰੇ, ਨਾ ਤੁਮ ਹੀ ਬਚੋਗੇ, ਨਾ ਸਾਥੀ ਤੁਮਾਰੇ।'

## ਪਾਰਲੀਮੈਂਟ ਦੀ 'ਕਾਰਵਾਈ' ਦੇਖ ਕੇ ਉਤਰਿਆ ਚਾਅ

-ਹਰਜੋਤ ਸਿੰਘ ਸਿੱਧੂ



ਮੇਰੀ ਦਿਲੀ ਤਮੰਨਾ ਸੀ ਕਿ ਮੈਂ ਕਦੇ ਪਾਰਲੀਮੈਂਟ ਦੀ ਕਾਰਵਾਈ ਪਾਰਲੀਮੈਂਟ ਭਵਨ ਦੇ ਅੰਦਰ ਬੈਠ ਕੇ ਦੇਖ ਸਕਾਂ। ਦਿੱਲੀ ਰਹਿੰਦੇ ਮੇਰੇ ਇਕ ਮਿੱਤਰ ਨੇ 2012 ਦੇ ਮੌਨਸੂਨ ਸੈਸ਼ਨ ਦੌਰਾਨ ਇਕ ਦਿਨ ਦੀ ਕਾਰਵਾਈ ਵੇਖਣ ਲਈ ਪਾਰਲੀਮੈਂਟ ਭਵਨ ਵਿੱਚ ਦਾਖਲੇ ਵਾਸਤੇ ਮੇਰੇ ਲਈ ਪਾਸ ਦਾ ਪ੍ਰਬੰਧ ਕਰ ਦਿੱਤਾ। ਮੇਰੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਪਾਰਲੀਮੈਂਟ ਦੀ ਕਾਰਵਾਈ ਨੂੰ ਨੇੜਿਓਂ ਦੇਖ ਸਕਣ ਬਾਰੇ ਸੋਚ ਕੇ ਮੈਂ ਬਹੁਤ ਰੋਮਾਂਚਿਤ ਹੋ ਰਿਹਾ ਸੀ।

ਮੈਂ 13 ਅਗਸਤ ਦੇ ਦਿਨ ਦਿੱਲੀ ਪਹੁੰਚ ਗਿਆ। ਮੈਟਰੋ ਰਾਹੀਂ ਕੇਂਦਰੀ ਸਕੱਤਰੇਤ ਵਿਖੇ ਪਹੁੰਚਣ ਬਾਅਦ ਉਥੋਂ ਪਾਰਲੀਮੈਂਟ ਦੇ ਯਾਤਰੀ ਦੁਆਰ, ਜਿਸ ਨੂੰ ਵਿਜਿਟਰ ਗੇਟ ਕਹਿੰਦੇ ਹਨ, ਤੱਕ ਪੈਦਲ ਚਲਾ ਗਿਆ। ਇਥੇ ਸੁਰੱਖਿਆ ਦੇ ਬਹੁਤ ਸਖਤ ਪ੍ਰਬੰਧ ਸਨ। ਛੇ ਜਾਂ ਸੱਤ ਥਾਵਾਂ ਉਪਰ ਜਾਂਚ ਪੜਤਾਲ ਤੋਂ ਬਾਅਦ ਆਖਰ ਮੈਂ ਸਹੀ ਸਮੇਂ ਪਾਰਲੀਮੈਂਟ ਭਵਨ ਵਿੱਚ ਆਪਣੀ ਸੀਟ ਉਪਰ ਬੈਠ ਗਿਆ।

ਪਾਰਲੀਮੈਂਟ ਭਵਨ ਦੀ ਸ਼ਾਹਕਾਰ ਇਮਾਰਤਸਾਜ਼ੀ ਨੂੰ ਦੇਖ ਕੇ ਮੈਂ ਅਚੰਭਿਤ ਹੋ ਰਿਹਾ ਸਾਂ। ਵਿਜ਼ਟਰਜ਼ ਗੈਲਰੀ ਦੇ ਹਰ ਬੈਂਚ ਉਪਰ ਇਕ ਸੁਰੱਖਿਆ ਮੁਲਾਜ਼ਮ ਤੇ ਪੰਜ ਹੋਰ ਵਿਅਕਤੀ ਬੈਠੇ ਹੋਏ ਸਨ। ਸਾਨੂੰ ਹਦਾਇਤ ਕੀਤੀ ਗਈ ਸੀ ਕਿ ਸਿੱਧੇ ਅਤੇ ਟਿਕ ਕੇ ਬੈਠਣਾ ਹੈ। ਕਿਸੇ ਨੇ ਕਿਸੇ ਵੀ ਪਾਰਲੀਮੈਂਟ ਮੈਂਬਰ ਨੂੰ ਕੋਈ ਇਸ਼ਾਰਾ ਨਹੀਂ ਕਰਨਾ, ਲੱਤਾਂ ਨਹੀਂ ਪਸਾਰਨੀਆਂ ਅਤੇ ਨਾ ਆਪਸ ਵਿੱਚ ਕੋਈ ਗੱਲਬਾਤ ਕਰਨੀ ਹੈ। ਆਪਣੇ ਉਤਸ਼ਾਹ ਨੂੰ ਕਾਬੂ ਵਿੱਚ ਰੱਖਣਾ ਕਾਫੀ ਮੁਸ਼ਕਿਲ ਸੀ, ਪਰ ਸੁਰੱਖਿਆ ਅਮਲੇ ਵੱਲੋਂ ਗਲਤੀ ਕਰਨ 'ਤੇ ਸਜ਼ਾ ਦੀ ਚੇਤਾਵਨੀ ਦਿੱਤੇ ਜਾਣ ਕਾਰਨ ਭਾਵਨਾਵਾਂ ਨੂੰ ਕਾਬੂ ਵਿੱਚ ਹੀ ਰੱਖਣਾ ਪਿਆ।

ਮੈਂ ਆਪਣੀ ਨਜ਼ਰ ਚਾਰੇ ਪਾਸੇ ਘੁਮਾਈ, ਸੱਤਾ ਧਿਰ ਦੇ ਬੈਂਚਾਂ ਤੋਂ ਲੈ ਕੇ ਵਿਰੋਧੀ ਧਿਰ ਦੇ ਬੈਂਚਾਂ ਤੱਕ। ਆਪਣੇ ਸੂਬੇ ਪੰਜਾਬ ਦੇ ਲਗਭਗ ਸਾਰੇ ਪਾਰਲੀਮੈਂਟ ਮੈਂਬਰਾਂ ਨੂੰ ਹਾਜ਼ਰ ਦੇਖ ਕੇ ਚੰਗਾ ਲੱਗਾ। ਠੀਕ 11 ਵਜੇ ਸਪੀਕਰ ਸਦਨ ਦੇ ਅੰਦਰ ਦਾਖਲ ਹੋਏ ਤੇ ਸਾਰੇ ਮੈਂਬਰ ਉਨ੍ਹਾਂ ਦੇ ਸਤਿਕਾਰ ਵਜੋਂ ਖੜੇ ਹੋ ਗਏ। ਇਹ ਆਪਣੇ ਸਕੂਲ ਦੇ ਦਿਨਾਂ ਵਾਂਗ ਲੱਗਿਆ, ਜਦੋਂ ਅਸੀਂ ਅਧਿਆਪਕ ਦੇ ਆਉਣ 'ਤੇ ਸਤਿਕਾਰ ਵਜੋਂ ਖੜੇ ਹੁੰਦੇ ਸੀ। ਕੁਝ ਮਿੰਟਾਂ ਦੀ ਕਾਰਵਾਈ ਬਾਅਦ, ਵਿਰੋਧੀ ਧਿਰ ਦੇ ਮੈਂਬਰਾਂ ਨੇ ਸਰਕਾਰ ਦੇ ਖਿਲਾਫ ਕਿਸੇ ਮੁੱਦੇ ਨੂੰ ਲੈ ਕੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ ਅਤੇ ਹੱਥਾਂ ਵਿੱਚ ਫੜੀਆਂ ਤਖਤੀਆ ਲਹਿਰਾਉਣ ਲੱਗ ਪਏ, ਜਿਨ੍ਹਾਂ ਉਪਰ ਲਿਖਿਆ ਹੋਇਆ ਸੀ, 'ਕਾਲਾ ਧਨ ਵਾਪਸ ਲੈ ਕੇ ਆਓ।'

ਸਪੀਕਰ ਨੇ ਸ਼ੋਰ ਸ਼ਰਾਬਾ ਕਰਦੇ ਮੈਂਬਰਾਂ ਨੂੰ ਅਧਿਆਪਕ ਦੀ ਤਰ੍ਹਾਂ ਆਪੋ ਆਪਣੀ ਜਗ੍ਹਾ ਬੈਠਣ ਲਈ ਕਿਹਾ। ਮੈਂ ਜੋ ਕੁਝ ਟੈਲੀਵਿਜ਼ਨ 'ਤੇ ਦੇਖਦਾ ਤੇ ਅਖਬਾਰਾਂ ਵਿੱਚ ਪੜ੍ਹਦਾ ਹੁੰਦਾ ਸੀ, ਅੱਜ ਮੈਂ ਉਹ ਆਪਣੀਆਂ ਅੱਖਾਂ ਸਾਹਮਣੇ ਵਾਪਰਦਾ ਦੇਖ ਰਿਹਾ ਸੀ। 'ਬੈਠ ਜਾਈਏ, ਬੈਠ ਜਾਈਏ, ਆਪ ਸਭ ਚੁੱਪ ਚਾਪ ਬੈਠ ਜਾਈਏ', ਸਪੀਕਰ ਨੇ ਅਨੇਕਾਂ ਵਾਰ ਦੁਹਰਾਇਆ ਤਾਂ ਜੋ ਸਦਨ ਦੀ ਕਾਰਵਾਈ ਸੁਚਾਰੂ ਢੰਗ ਨਾਲ ਚੱਲ ਸਕੇ, ਪ੍ਰੰਤੂ ਵਿਰੋਧੀ ਧਿਰ ਦੇ ਕਿਸੇ ਮੈਂਬਰ 'ਤੇ ਬਹੁਤਾ ਅਸਰ ਨਹੀਂ ਹੋਇਆ। ਆਖਰ ਸਪੀਕਰ ਨੂੰ ਸਦਨ ਦੀ ਕਾਰਵਾਈ ਕੁਝ ਸਮਾਂ ਰੱਦ ਕਰਨੀ ਪਈ। ਕਾਰਵਾਈ ਦੁਬਾਰਾ ਸ਼ੁਰੂ ਕਰਨ 'ਤੇ ਵੀ ਹਾਲ ਉਹੀ ਰਿਹਾ ਤੇ ਰੌਲਾ ਰੱਪਾ ਬੰਦ ਨਾ ਹੁੰਦਾ ਦੇਖ ਸਪੀਕਰ ਨੇ ਸਦਨ ਦੀ ਕਾਰਵਾਈ ਅਗਲੇ ਦਿਨ ਤੱਕ ਮੁਲਤਵੀ ਕਰ ਦਿੱਤੀ।

ਮੇਰੇ ਕੋਲ 11 ਵਜੇ ਤੋਂ ਦੁਪਹਿਰ ਤੱਕ ਸਦਨ ਦੀ ਕਰਵਾਈ ਦੇਖਣ ਦੀ ਇਜਾਜ਼ਤ ਸੀ, ਪਰ ਸਦਨ ਸਿਰਫ 15 ਮਿੰਟ ਹੀ ਚੱਲ ਸਕਿਆ। ਕਾਰਵਾਈ ਵੇਖਣ ਆਏ ਲੋਕ ਉਠ ਕੇ ਜਾ ਰਹੇ ਸਨ। ਸਭ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਹੇ ਸਨ ਕਿਉਂਕਿ ਉਹ ਲੋਕਤੰਤਰ ਦੇ ਮੰਦਰ ਵਿੱਚ ਲੋਕਤੰਤਰ ਦੀ ਮਹਿਮਾ ਦੇਖਣ ਆਏ ਸਨ। ਮੈਂ ਵੀ ਨਿਰਾਸ਼ ਹੀ ਪਰਤ ਰਿਹਾ ਸਾਂ। ਲੋਕਤੰਤਰ ਦੇ ਮੰਦਰ ਨੇ ਮੇਰੀ ਝੋਲੀ ਉਦਾਸੀ ਹੀ ਪਾਈ ਸੀ। ਇਹ ਬਿਲਕੁਲ ਨਹੀਂ ਲੱਗ ਰਿਹਾ ਸੀ ਕਿ ਸਾਡੇ ਚੁਣੇ ਹੋਏ ਪ੍ਰਤੀਨਿਧੀ ਲੋਕ ਸਭਾ ਸਦਨ ਵਿੱਚ ਲੋਕਾਂ ਦੇ ਗੰਭੀਰ ਮਸਲਿਆਂ ਉਪਰ ਗੰਭੀਰ ਵਿਚਾਰ ਚਰਚਾ ਵੀ ਕਰਦੇ ਹੋਣਗੇ।

# ਵਿਰੋਧ ਦੇ ਦੌਰ ਵਿੱਚੋਂ ਗੁਜ਼ਰਦਿਆਂ

-ਪ੍ਰਿੰਸੀਪਲ ਵਿਜੈ ਕੁਮਾਰ

ਵਿਰੋਧ, ਸਮਰਥਨ, ਪ੍ਰਸ਼ੰਸਾ ਅਤੇ ਆਲੋਚਨਾ ਜ਼ਿੰਦਗੀ ਦੇ ਨਾਲੋ-ਨਾਲ ਚੱਲਣ ਵਾਲੇ ਦੌਰ ਹਨ। ਸਮਰਥਨ, ਪ੍ਰਸ਼ੰਸਾ ਬੰਦੇ ਦੇ ਮੂੰਹ 'ਤੇ ਹੁੰਦੀ ਹੈ, ਜਿਸ ਨੂੰ ਖੁਸ਼ਾਮਦ ਅਤੇ ਚਾਪਲੂਸੀ ਕਿਹਾ ਜਾਂਦਾ ਹੈ। ਵਿਰੋਧ ਅਤੇ ਆਲੋਚਨਾ ਪਿੱਠ ਪਿੱਛੇ ਹੁੰਦੀ ਹੈ। ਸਮਰਥਨ ਅਤੇ ਪ੍ਰਸ਼ੰਸਾ 'ਤੇ ਮਨੁੱਖ ਫੁੱਲ-ਫੁੱਲ ਬਹਿੰਦਾ ਹੈ, ਭਾਵੇਂ ਉਸ ਵਿੱਚ ਵਿਖਾਵਾ ਅਤੇ ਚਾਪਲੂਸੀ ਹੀ ਹੋਵੇ, ਮੂਰਖ ਬਣਾਉਣ ਦਾ ਯਤਨ ਕੀਤਾ ਗਿਆ ਹੋਵੇ। ਇਹ ਬੰਦੇ ਦੀ ਸੂਝਬੂਝ 'ਤੇ ਨਿਰਭਰ ਕਰਦਾ ਹੈ ਕਿ ਉਸ ਨੇ ਉਸ ਸਮਰਥਨ ਅਤੇ ਸੂਝ ਨੂੰ ਕਿਸ ਨਜ਼ਰੀਏ ਨਾਲ ਲੈਣਾ ਹੈ। ਜ਼ਿਆਦਾ ਲੋਕ ਇਨ੍ਹਾਂ ਦੇ ਮੋਹਜਾਲ 'ਚ ਉਲਝ ਜਾਂਦੇ ਹਨ। ਆਲੋਚਨਾ ਅਤੇ ਵਿਰੋਧ ਸਹਿਣਾ ਹਰ ਮਨੁੱਖ ਦੇ ਵਸ ਦੀ ਗੱਲ ਨਹੀਂ ਹੁੰਦੀ। ਆਲੋਚਨਾ ਅਤੇ ਵਿਰੋਧ 'ਤੇ ਬੰਦਾ ਕੱਪੜਿਆਂ ਤੋਂ ਬਾਹਰ ਹੋ ਜਾਂਦਾ ਹੈ, ਭਾਵੇਂ ਸਾਹਮਣੇ ਵਾਲਾ ਸੌ ਫੀਸਦੀ ਸੱਚਾ ਹੋਵੇ।

ਵਿਰੋਧ ਤੇ ਆਲੋਚਨਾ ਲੋਕ ਸਾੜੇ ਦੇ ਮਾਰੇ ਵੀ ਕਰਦੇ ਹਨ। ਅਜਿਹੇ ਵਿਰੋਧ ਅਤੇ ਆਲੋਚਨਾ ਦਾ ਕੋਈ ਸਿਰ ਪੈਰ ਵੀ ਨਹੀਂ ਹੁੰਦਾ। ਇਹ ਕੇਵਲ ਨੀਵਾਂ ਵਿਖਾਉਣ ਤੇ ਛਿੱਬਾ ਪਾਉਣ ਲਈ ਕੀਤੇ ਜਾਂਦੇ ਹਨ। ਇਸ ਤਰ੍ਹਾਂ ਦੀ ਆਲੋਚਨਾ ਤੇ ਵਿਰੋਧ ਕਰਨ ਵਾਲੇ ਲੋਕ ਬੰਦੇ ਵਿੱਚ ਉਹ ਔਗੁਣ ਵੀ ਕੱਢ ਮਾਰਦੇ ਹਨ, ਜਿਹੜੇ ਉਸ 'ਚ ਹੁੰਦੇ ਹੀ ਨਹੀਂ। ਇਕ ਸਵਰਗਵਾਸੀ ਸਕੂਲ ਮੁਖੀ ਨੇ ਦਿਨ ਰਾਤ ਇਕ ਕਰਕੇ ਸਕੂਲ ਦੀ ਚਾਰਦੀਵਾਰੀ ਬਣਵਾਈ। ਇਸ ਦੇ ਨਾਲ ਸਕੂਲ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਹੱਲ ਹੋ ਗਈਆਂ। ਸਕੂਲ ਵਿੱਚ ਪਸ਼ੂ ਵੜਨੇ ਬੰਦ ਹੋ ਗਏ। ਬੱਚੇ ਸਕੂਲੋਂ ਭੱਜਣੇ ਬੰਦ ਹੋ ਗਏ। ਸ਼ਹਿਰ ਵਿੱਚ ਉਸ ਦੇ ਕੰਮ ਦੀ ਭਰਪੂਰ ਸ਼ਲਾਘਾ ਹੋਈ। ਵਿਰੋਧੀਆਂ ਦੇ ਕੰਨ ਪ੍ਰਸ਼ੰਸਾ ਸੁਣ ਨਾ ਸਕੇ। ਉਹ ਉਸ ਦੀ ਖੁੰਬ ਠੱਪਣ ਦੇ ਢੰਗ ਤਰੀਕੇ ਲੱਭਣ ਲੱਗੇ। ਆਖਰ ਉਨ੍ਹਾਂ ਉਸ ਦੀ ਵਿਜੀਲੈਂਸ ਵਿਭਾਗ ਨੂੰ ਸ਼ਿਕਾਇਤ ਕਰ ਦਿੱਤੀ ਕਿ ਉਹ ਪੈਸੇ ਛਕ ਗਿਆ ਹੈ।

ਵਿਜੀਲੈਂਸ ਦੇ ਡੀ ਐਸ ਪੀ ਰੈਂਕ ਦੇ ਅਧਿਕਾਰੀ ਨੇ ਆਪਣੀ ਰਿਪੋਰਟ ਵਿੱਚ ਲਿਖਿਆ ਕਿ ਸਕੂਲ ਮੁਖੀ ਨੇ ਬਹੁਤ ਇਮਾਨਦਾਰੀ ਨਾਲ ਕੰਮ ਕੀਤਾ ਹੈ। ਕੰਮ ਦਾ ਪੱਧਰ ਬੜਾ ਵਧੀਆ ਹੈ। ਪੈਸੇ ਖਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਵਿਰੋਧ ਅਤੇ ਆਲੋਚਨਾ ਕਰਨ ਵਾਲਿਆਂ ਦੇ ਮੂੰਹ ਬੰਦ ਹੋ ਗਏ, ਪਰ ਵਿਰੋਧ ਦੇ ਦੌਰ 'ਚ ਗੁਜ਼ਰਦਿਆਂ ਜੋ ਦਰਦ ਸਕੂਲ ਮੁਖੀ ਅਤੇ ਉਸ ਦੇ ਪਰਵਾਰ ਨੇ ਹੰਢਾਇਆ ਉਸ ਨੂੰ ਉਹੀ ਜਾਣਦੇ ਹੋਣਗੇ। ਤਰਕਹੀਣ ਵਿਰੋਧ ਕਰਨ ਵਾਲੇ ਬੰਦੇ ਅੰਦਰੋਂ ਖੋਖਲੇ ਹੁੰਦੇ ਹਨ। ਉਨ੍ਹਾਂ ਨਾਲ ਜੁੜਨ ਵਾਲੇ ਵਿਹਲੜ ਅਤੇ ਤਮਾਸ਼ਬੀਨ ਹੁੰਦੇ ਹਨ। ਸਾਕ-ਾਰਾਤਮਕ ਵਿਰੋਧ ਅਤੇ ਆਲੋਚਨਾ ਵਿਕਾਸ ਅਤੇ ਸੁਧਾਰ ਦੀਆਂ ਸੰਭਾਵਨਾਵਾਂ ਵੀ ਪੈਦਾ ਕਰਦੇ ਹਨ, ਪਰ ਉਸ ਵਿਰੋਧ ਅਤੇ ਆਲੋਚਨਾ ਵਿੱਚ ਨਾ ਉਚੀ ਆਵਾਜ਼ ਹੁੰਦੀ ਹੈ, ਨਾ ਨੀਵਾਂ ਵਿਖਾਉਣ ਦੀ ਭਾਵਨਾ। ਉਹ ਟੇਬਲ 'ਤੇ ਆਹਮੋ ਸਾਹਮਣੇ ਬੈਠ ਕੇ ਹੁੰਦੇ ਹਨ ਤੇ ਨਾਲੋਂ-ਨਾਲ ਸਭ ਕੁਝ ਨਿਪਟ ਜਾਂਦਾ ਹੈ। ਉਸ ਵਿਰੋਧ ਅਤੇ ਆਲੋਚਨਾ ਵਿੱਚ ਸੁਝਾਅ ਦੇਣ ਦੀ ਪ੍ਰਵਿਰਤੀ ਵੀ ਹੁੰਦੀ ਹੈ। ਕਈ ਵਾਰ ਪ੍ਰਸ਼ੰਸਕਾਂ ਅਤੇ ਸਮਰਥਕਾਂ ਨਾਲੋਂ ਆਲੋਚਕਾਂ ਅਤੇ ਵਿਰੋਧੀਆਂ ਦੀ ਗਿਣਤੀ ਜ਼ਿਆਦਾ ਹੁੰਦੀ ਹੈ। ਉਸ ਦੌਰ ਵਿੱਚ ਕਈ ਵਾਰ ਬੰਦਾ ਅੰਦਰੋਂ ਟੁੱਟ ਜਾਂਦਾ ਹੈ। ਹੌਸਲਾ ਉਸ ਦਾ ਸਾਥ ਛੱਡ ਜਾਂਦਾ ਹੈ। ਉਹ ਦੌਰ ਵੀ ਇਤਿਹਾਸ ਲਿਖਣ ਦਾ ਹੁੰਦਾ ਹੈ।

ਬੰਦਾ ਜੇ ਉਸ ਦੌਰ 'ਚ ਆਤਮ ਵਿਸ਼ਵਾਸ ਦੇ ਸਹਾਰੇ ਹਾਲਾਤ ਉਤੇ ਕਾਬੂ ਪਾ ਜਾਵੇ, ਜਿੱਤ ਅਤੇ ਸਫਲਤਾ ਹਾਸਲ ਕਰ ਲਵੇ ਤਾਂ ਉਹ ਸਿਕੰਦਰ ਬਣ ਜਾਂਦੈ। ਜੇ ਵਿਰੋਧੀਆਂ ਅੱਗੇ ਹਥਿਆਰ ਸੁੱਟ ਦੇਵੇ ਤਾਂ ਕਾਇਰ ਅਤੇ ਵਿਚਾਰਾ ਬਣ ਜਾਂਦੈ। ਬਹੁਤੀ ਵਾਰ ਇਹ ਸੁਣਨ ਨੂੰ ਮਿਲਦਾ ਹੈ ਕਿ ਆਪਣੇ ਬੇਕਸੂਰ ਹੋਣ ਦਾ ਸਪੱਸ਼ਟੀਕਰਨ ਦੇਣ ਨਾਲੋਂ ਬਿਹਤਰ ਹੈ ਕਿ ਚੁੱਪ ਕੀਤੇ ਰਹੋ। ਵਿਰੋਧੀ ਅਤੇ ਆਲੋਚਕ ਆਪਣੇ ਆਪ ਬੋਲ ਬਾਲ ਕੇ ਚੁੱਪ ਹੋ ਜਾਣਗੇ। ਵਿਰੋਧ ਅਤੇ ਆਲੋਚਨਾ ਸੁਣ ਕੇ ਚੁੱਪ ਰਿਹਾ ਜਾਵੇ ਤਾਂ ਇਹ ਸੁਣਨ ਨੂੰ ਮਿਲਦਾ ਹੈ ਕਿ ਜੇ ਸੱਚਾ ਹੁੰਦਾ ਤਾਂ ਬੋਲਦਾ ਨਾ? ਇਕ ਸਫਲ ਪ੍ਰਬੰਧਕ ਨੇ ਆਪਣੇ ਅਦਾਰੇ ਦੀ ਤਰੱਕੀ ਲਈ ਹੱਡ ਭੰਨਵੀਂ ਤਰੱਕੀ ਕੀਤੀ। ਉਸ ਦੀ ਸਫਲਤਾ ਤੇ ਸ਼ੋਹਰਤ ਅਦਾਰੇ ਦੇ ਕੁਝ ਲੋਕਾਂ ਕੋਲੋਂ ਬਰਦਾਸ਼ਤ ਨਾ ਹੋਵੇ। ਉਸ ਨੇ ਆਪਣੇ ਵਿਰੋਧੀਆਂ ਨੂੰ ਬਿਠਾ ਕੇ ਪੁੱਛਿਆ, 'ਆਪਾਂ ਦੋਵੇਂ ਧਿਰਾਂ ਇਸ ਅਦਾਰੇ ਦਾ ਅੰਨ ਪਾਣੀ ਛਕਦੇ ਹਾਂ। ਇਸ ਤੋਂ ਸਾਡੇ ਪਰਵਾਰ ਪਲਦੇ ਹਨ। ਤੁਸੀਂ ਮੇਰੇ ਮਾੜੇ ਕੰਮਾਂ ਦਾ ਵਿਰੋਧ ਜ਼ਰੂਰ ਕਰੋ, ਪਰ ਉਹ ਨਾ ਕਹੋ, ਜਿਹੜੇ ਕਿ ਮੈਂ ਕਰਦਾ ਹੀ ਨਹੀਂ। ਇਸ ਅਦਾਰੇ ਦੀ ਤਰੱਕੀ ਲਈ ਮੇਰਾ ਸਾਥ ਦਿਉ। ਇਸ ਵਿੱਚ ਤੁਹਾਡੀ ਵੀ ਸ਼ਾਨ ਹੈ।'

ਵਿਰੋਧੀਆਂ ਵਿੱਚੋਂ ਇਕ ਬੋਲਿਆ, 'ਭਰਾ ਜੀ! ਸਾਡੀ ਹੋਂਦ ਹੀ ਵਿਰੋਧ ਵਿੱਚ ਹੈ। ਜੇ ਅਸੀਂ ਵਿਰੋਧ ਬੰਦ ਕਰ ਦਿੱਤਾ ਤਾਂ ਸਾਨੂੰ ਕੌਣ ਪੁੱਛੇਗਾ?' ਜਿਨ੍ਹਾਂ ਅਦਾਰਿਆਂ, ਸਿੱਖਿਆ ਸੰਸਥਾਵਾਂ ਅਤੇ ਪਰਵਾਰਾਂ ਵਿੱਚ ਬੇਲੋੜੀ, ਸੌੜੀ ਅਤੇ ਬੇਸਿਰ ਪੈਰ ਦੀ ਆਲੋਚਨਾ ਨਹੀਂ ਹੁੰਦੀ, ਉਨ੍ਹਾਂ ਵਿੱਚ ਤਰੱਕੀ ਦੀਆਂ ਸੰਭਾਵਨਾਵਾਂ ਬੇਹੱਦ ਵੱਧ ਹੁੰਦੀਆਂ ਹਨ। ਉਨ੍ਹਾਂ ਵਿੱਚ ਸਦਭਾਵਨਾ ਦਾ ਮਾਹੌਲ ਹੁੰਦਾ ਹੈ। ਇਕ ਟੀਮ ਵਾਂਗ ਕੰਮ ਕਰਨ ਦਾ ਜਜ਼ਬਾ ਹੁੰਦਾ ਹੈ। ਵਿਰੋਧ ਅਤੇ ਆਲੋਚਨਾ ਦੇ ਦੌਰ 'ਚੋਂ ਗੁਜ਼ਰਦਿਆਂ ਮਨੁੱਖ ਅੰਦਰ ਸਹਿਣਸ਼ੀਲਤਾ, ਦੂਰਅੰਦੇਸ਼ੀ ਅਤੇ ਸਮੇਂ ਦੀ ਨਜ਼ਾਕਤ ਨੂੰ ਸਮਝਣ ਦੀ ਭਾਵਨਾ ਹੋਣੀ ਜ਼ਰੂਰੀ ਹੈ। ਵਿਰੋਧੀਆਂ ਅਤੇ ਆਲੋਚਕਾਂ ਨੂੰ ਤਰਕ ਅਤੇ ਆਪਣੇ ਗੁਣਾਂ ਦੇ ਪ੍ਰਭਾਵ ਨਾਲ ਜ਼ਿਆਦਾ ਛੇਤੀ ਚੁੱਪ ਕਰਾਇਆ ਜਾ ਸਕਦਾ ਹੈ।

ਇਕ ਅਧਿਕਾਰੀ ਨੂੰ ਉਸ ਦੇ ਦੋਸਤਾਂ ਨੇ ਪੁੱਛਿਆ, 'ਯਾਰ! ਤੇਰੇ ਅਦਾਰੇ ਦੇ ਐਨੇ ਲੋਕ ਤੇਰੀ ਆਲੋਚਨਾ ਕਰਦੇ ਨੇ ਪਰ ਤੂੰ ਇਨ੍ਹਾਂ ਦਾ ਵਿਰੋਧ ਅਤੇ ਆਪਣੀ ਆਲੋਚਨਾ ਸੁਣ ਕੇ ਫਿਰ ਵੀ ਚੁੱਪ ਰਹਿੰਦੇ ਏਂ। ਇਸ ਦਾ ਕਾਰਨ ਕੀ ਹੈ?' ਉਸ ਨੇ ਅੱਗੋਂ ਜਵਾਬ ਦਿੱਤਾ, 'ਜੇ ਮੈਂ ਇਨ੍ਹਾਂ ਦੀ ਆਲੋਚਨਾ ਅਤੇ ਵਿਰੋਧ ਦਾ ਜਵਾਬ ਦੇਣ ਲੱਗ ਪਿਆ ਤਾਂ ਮੇਰੇ ਵਿੱਚ ਕੰਮ ਕਰਨ ਦੀ ਸਮਰੱਥਾ ਘੱਟ ਜਾਵੇਗੀ। ਮੇਰੀ ਮਾਨਸਿਕ ਸ਼ਾਂਤੀ ਭੰਗ ਹੋ ਜਾਵੇਗੀ। ਮੈਂ ਇਨ੍ਹਾਂ ਨੂੰ ਆਪਣਾ ਮਾਰਗ ਦਰਸ਼ਕ ਸਮਝਦਾ ਹਾਂ। ਮੈਨੂੰ ਇਨ੍ਹਾਂ ਦੀ ਜਿਹੜੀ ਗੱਲ ਚੰਗੀ ਲੱਗਦੀ ਹੈ, ਉਸ ਨੂੰ ਸੋਚ ਕੇ ਮੈਂ ਆਪਣੇ ਵਿੱਚ ਸੁਧਾਰ ਕਰ ਲੈਂਦਾ ਹਾਂ।' ਕੰਮ ਵਿੱਚ ਰੁੱਝੇ ਲੋਕਾਂ ਕੋਲ ਆਲੋਚਨਾ ਅਤੇ ਵਿਰੋਧ ਕਰਨ ਦਾ ਸਮਾਂ ਹੀ ਨਹੀਂ ਹੁੰਦਾ। ਉਹ ਆਪਣੇ ਮਿਸ਼ਨ ਵੱਲ ਨੂੰ ਤੁਰੇ ਰਹਿੰਦੇ ਹਨ। ਆਲੋਚਨਾ ਅਤੇ ਵਿਰੋਧ ਵਿਹਲੜ, ਪੰਗੇਬਾਜ਼, ਤਿਕੜਮਬਾਜ਼ ਤੇ ਨਿਕੰਮੇ ਲੋਕ ਕਰਦੇ ਹਨ। ਉਹ ਆਪਣੇ ਕੰਮ ਵੱਲ ਧਿਆਨ ਦੇਣ ਦੀ ਥਾਂ ਦੂਜਿਆਂ ਵਿੱਚ ਨੁਕਸ ਕੱਢਣ ਦੀਆਂ ਸਕੀਮਾਂ ਘੜਦੇ ਹਨ। ਦੇਸ਼ ਦੀ ਤ੍ਰਾਸਦੀ ਹੈ ਕਿ ਇਥੇ ਪ੍ਰਸ਼ੰਸਕਾਂ, ਸਮਰਥਕਾਂ ਨਾਲੋਂ ਵਿਹਲੜਾਂ, ਨਿਕੰਮਿਆਂ, ਆਲੋਚਕਾਂ ਤੇ ਵਿਰੋਧੀਆਂ ਦੀ ਗਿਣਤੀ ਵੱਧ ਹੈ। ਉਨ੍ਹਾਂ ਦੀ ਗੱਲ ਸੁਣੀ ਜਾਂਦੀ ਹੈ। ਇਸੇ ਲਈ ਸਵਾ ਸੌ ਕਰੋੜ ਦੀ ਵਸੋਂ ਵਾਲੇ ਸਾਡੇ ਮੁਲਕ ਨਾਲੋਂ ਛੋਟੇ-ਛੋਟੇ ਦੇਸ਼ ਜ਼ਿਆਦਾ ਤਰੱਕੀ ਕਰ ਰਹੇ ਹਨ।

Dr. Randhawa Dentistry
Your own dentist who really cares for you
We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment
- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
Dr. Samreet Kaur Randhawa
General Family Dentist
New Patients welcome
Deal Directly with all Insurance Companies
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
Mayfield Rd / Mcvean Dr / Gore Rd / Squire Ellis Dr / Countryside Dr / DENTISTRY

JEYA
LOOKING FOR LONG/SHORT HAULS
Hiring Team Drivers & Single drivers
DEDICATED A/Z DRIVERS FOR USA/LOCAL CANADA
- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ
- ਸਿੰਗਲ ਡਰਾਇਵਰਾਂ ਨੂੰ 0.60 ਸੈਂਟ ਪਰ ਮਾਇਲ, ਟੀਮ ਡਰਾਇਵਰਾਂ ਨੂੰ 0.66 ਸੈਂਟ
- Looking For dedicated A/Z Drivers For USA/Local Canada
- Every Pick up and Drop off is in the same place
- Good Job, Per Mile 0.60 Cents for single drivers & 0.66 Cents for team drivers
- New Trucks And Trailers 2016-2018
ALSO HIRING OWNER OPERATORS
www.jeyatransport.com
202-2386 Haines Rd., Mississauga ON.
Sakshi: 647-534-5770 | Riki: 647-963-7131
Office: 905-564-8851
Email: ramesh@jeyatransport.com/sakshi@jeyatransport.com

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed
Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472
- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
5 CHERRYCREST DR. #206 BRAMPTON L6P 3W4

# ਮੁਆਫ਼ੀ ਲੈਣ ਲਈ ਬਾਦਲਾਂ ਦੀ ਸੇਵਾ ਨੂੰ ਕੈਪਟਨ ਅਮਰਿੰਦਰ ਸਿੰਘ ਨੇ ਸਿਆਸੀ ਡਰਾਮਾ ਕਿਹਾ

* ਬਾਕੀ ਧਿਰਾਂ ਨੇ ਵੀ ਸਵਾਲ ਖੜੇ ਕੀਤੇ



ਭੁੱਲ ਬਖਸ਼ਾਉਣ ਲਈ ਜੋੜਾ ਘਰ ਵਿਚ ਸੇਵਾ ਕਰਦੇ ਸੁਖਬੀਰ ਬਾਦਲ ਤੇ ਹੋਰ ਅਕਾਲੀ ਮੰਤਰੀ।

ਚੰਡੀਗੜ੍ਹ, 9 ਦਸੰਬਰ, (ਪੋਸਟ ਬਿਊਰੋ)- ਅਕਾਲੀ ਆਗੂਆਂ ਵੱਲੋਂ ਧਰਮ ਦੇ ਨਾਂਅ ਉੱਤੇ ਸਿਆਸੀ ਡਰਾਮਾ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਖਿੱਲੀ ਉਡਾਈ ਅਤੇ ਪਿਛਲੇ 10 ਸਾਲਾ ਦੁਰ-ਪ੍ਰਬੰਧ ਵੇਲੇ ਕੀਤੀਆਂ ਗਲਤੀਆਂ ਲਈ ਪਸ਼ਚਾਤਾਪ ਦੀ ਚੁਣੌਤੀ ਦਿਤੀ ਹੈ। ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਬਾਦਲ ਪਰਵਾਰ ਅਤੇ ਹੋਰ ਆਗੂਆਂ ਅਤੇ ਵਿਧਾਇਕਾਂ ਵਲੋਂ ਜਨਤਕ ਹਮਾਇਤ ਹਾਸਲ ਕਰਨ ਵਾਸਤੇ ਧਰਮ ਦੀ ਦੁਰਵਰਤੋਂ ਕਰਨ ਲਈ ਕੀਤੇ ਗਏ ਡਰਾਮੇ ਦੀ ਤਿੱਖੀ ਆਲੋਚਨਾ ਕੀਤੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਗਲਤੀਆਂ ਨੂੰ ਮੰਨਣ ਵਿਚ ਅਸਫ਼ਲ ਰਹਿਣ ਉਤੇ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਬਾਦਲ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦੇ ਹਨ ਕਿ ਉਨ੍ਹਾਂ ਨੇ ਅਪਣੇ ਰਾਜ ਵੇਲੇ ਕਿਹੜੀਆਂ ਗ਼ਲਤੀਆਂ ਕੀਤੀਆਂ ਸਨ, ਪਰ ਅਜੇ ਉਨ੍ਹਾਂ ਨੇ ਗ਼ਲਤੀਆਂ ਦੀ ਮੁਆਫ਼ੀ ਲਈ ਕੁਝ ਨਹੀਂ ਕੀਤਾ। ਅਮਰਿੰਦਰ ਸਿੰਘ ਨੇ ਅਕਾਲੀ ਲੀਡਰਸ਼ਿਪ ਵੱਲੋਂ ਸਿਆਸੀ ਹਿੱਤਾਂ ਲਈ ਧਰਮ ਦੀ ਓਟ ਲੈਣ ਦੀ ਅਲੋਚ-ਨਾ ਕੀਤੀ ਤੇ ਕਿਹਾ ਕਿ ਇਸ ਤੋਂ ਸਾਫ ਹੈ ਕਿ ਬਾਦਲਾਂ ਦੀਆਂ ਅੱਖਾਂ ਲੋਕ ਸਭਾ ਚੋਣਾਂ ਉੱਤੇ ਹਨ ਅਤੇ ਇਸੇ ਲਈ ਮੁਆਫ਼ੀ ਦਾ ਨਾਟਕ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜੇ ਮੁਆਫ਼ੀ ਲਈ ਅਕਾਲੀ ਆਗੂ ਗੰਭੀਰ ਹਨ ਤਾਂ ਉਨ੍ਹਾਂ ਨੂੰ ਕੀਤੇ ਕੁਕਰਮ ਮੰਨਣ ਦਾ ਹੌਸਲਾ ਦਿਖਾਉਣਾ ਚਾਹੀਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਹ ਮਾਫ਼ੀ ਓਦੋਂ ਮੰਗੀ ਜਾ ਰਹੀ ਹੈ, ਜਦੋਂ ਉਹ ਵੱਖ-ਵੱਖ ਗੰਭੀਰ ਅਤੇ ਨਾਜ਼ੁਕ ਮੁੱਦਿਆਂ ਲਈ ਆਲੋਚਨਾ ਦੇ ਕੇਂਦਰ ਵਿਚ ਹਨ, ਜਿਨ੍ਹਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ 2015 ਦੀ ਪੁਲਿਸ ਫਾਇਰਿੰਗ ਦੀ ਘਟਨਾ ਤੇ ਇਸ ਦੇ ਨਾਲ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਮੁਆਫ਼ੀ ਦਿਵਾਉਣ ਦਾ ਮੁੱਦਾ ਵੀ ਸ਼ਾਮਲ ਹੈ।

ਬਾਦਲ ਪਰਿਵਾਰ ਤੇ ਅਕਾਲੀ ਆਗੂਆਂ ਵੱਲੋਂ ਦਰਬਾਰ ਸਾਹਿਬ ਜਾ ਕੇ ਸੇਵਾ ਕਰਨ ਤੇ ਭੁੱਲਾਂ ਬਖ਼ਸ਼ਾਉਣ ਨੂੰ ਆਮ ਆਦਮੀ ਪਾਰਟੀ ਦੇ ਐੱਮ ਪੀ ਭਗਵੰਤ ਮਾਨ ਨੇ ਅੱਜ ਤੱਕ ਦਾ ਸਭ ਤੋਂ ਵੱਡਾ ਸਿਆਸੀ ਨਾਟਕ ਕਿਹਾ ਹੈ। ਚੰਡੀਗੜ੍ਹੋਂ ਜਾਰੀ ਬਿਆਨ ਵਿਚ ਮਾਨ ਨੇ ਆਖਿਆ ਕਿ ਗੁਰੂ ਸਾਹਿਬ ਸਭ ਦੀਆਂ ਭੁੱਲਾਂ ਬਖ਼ਸ਼ ਸਕਦੇ ਹਨ, ਪਰ ਬਾਦਲਾਂ ਵੱਲੋਂ ਜਾਣਬੁੱਝ ਕੇ ਕੀਤੇ ਪਾਪਾਂ ਦੀ ਮੁਆਫ਼ੀ ਨਹੀਂ ਮਿਲਣੀ। ਉਨ੍ਹਾਂ ਨੇ ਕਿਹਾ ਕਿ ਬਾਦਲਾਂ ਨੇ ਆਪਣੇ ਸਿਆਸੀ ਜੀਵਨ ਤੇ ਖ਼ਾਸ ਕਰ ਕੇ ਪਿਛਲੇ 10 ਸਾਲਾ ਰਾਜ ਦੌਰਾਨ ਪੰਜਾਬ ਦੇ ਲੋਕਾਂ ਨੂੰ ਲੁੱਟਿਆ ਤੇ ਕੁੱਟਿਆ ਹੈ ਤੇ ਸਿਆਸੀ ਜ਼ਮੀਨ ਖਿਸਕਦੀ ਵੇਖ ਕੇ ਡਰਾਮੇ ਕਰ ਰਹੇ ਹਨ। ਮਾਨ ਨੇ ਬਾਦਲਾਂ ਨੂੰ ਪੁੱਛਿਆ ਕਿ ਕੀ ਉਹ ਮੰਨਦੇ ਹਨ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਕਿਸਾਨਾਂ ਦੀਆਂ ਖੁਦਕੁਸ਼ੀਆਂ ਅਤੇ ਹੋਰ ਪਾਪਾਂ ਦੇ ਲਈ ਜ਼ਿੰਮੇਵਾਰ ਹਨ।

ਭੁੱਲਾਂ ਦੀ ਖਿਮਾ ਯਾਚਨਾ ਲਈ ਦਰਬਾਰ ਸਾਹਿਬ ਪਹੁੰਚੇ ਅਕਾਲੀ ਆਗੂਆਂ ਵਲੋਂ ਕੀਤੀ ਸੇਵਾ ਨੂੰ ਅਕਾਲੀ ਦਲ ਤੋਂ ਬਾਗੀ ਹੋਏ ਟਕਸਾਲੀ ਆਗੂ ਰਣਜੀਤ ਸਿੰਘ ਬ੍ਰਹਮਪੁਰਾ ਨੇ ਢੌਂਗ ਕਿਹਾ ਹੈ। ਉਨ੍ਹਾਂ ਕਿਹਾ ਕਿ ਜੇ ਬਾਦਲ ਮੁਆਫੀ ਚਾਹੁੰਦੇ ਸਨ ਤਾਂ ਲਾਮ-ਲਸ਼ਕਰ ਲਿਆਉਣ ਦੀ ਕੀ ਲੋੜ ਸੀ, ਚੁੱਪ-ਚਾਪ ਅਕਾਲ ਤਖਤ ਸਾਹਿਬ ਆਉਂਦੇ ਤੇ ਮੁਆਫ ਮੰਗ ਕੇ ਮੁੜ ਜਾਂਦੇ, ਇਹ ਤਾਂ ਵੋਟਾਂ ਲਈ ਬਾਦਲ ਪਿਓ-ਪੁੱਤ ਦਾ ਡਰਾਮਾ ਹੈ। ਬ੍ਰਹਮਪੁਰਾ ਨੇ ਕਿਹਾ ਕਿ ਬਾਦਲ ਪਰਿਵਾਰ ਵੱਲੋਂ ਕੀਤੀਆਂ ਗਲਤੀਆਂ ਬਹੁਤ ਵੱਡੀਆਂ ਹਨ, ਇਨ੍ਹਾਂ ਦੀ ਮੁਆਫੀ ਨਹੀਂ ਮਿਲਣੀ। ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਨੇ ਅਕਾਲ ਤਖ਼ਤ ਸਾਹਿਬ ਦੀ ਮਾਣ-ਮਰਿਆਦਾ ਢਹਿ ਢੇਰੀ ਕਰ ਦਿੱਤੀ, ਅਕਾਲ ਤਖਤ ਦੇ ਜਥੇਦਾਰ ਨੂੰ ਆਪਣੀ ਕੋਠੀ ਵਿੱਚ ਸੱਦ ਕੇ ਹੁਕਮ ਚਾੜ੍ਹੇ, ਗੁਰੂ ਸਾਹਿਬ ਦੀ ਬੇਅਦਬੀ ਵਿਰੁੱਧ ਰੋਸ 'ਚ ਸ਼ਾਂਤਮਈ ਪ੍ਰਦਰਸ਼ਨ ਕਰਦੀਆਂ ਸੰਗਤਾਂ 'ਤੇ ਗੋਲੀਆਂ ਚਲਵਾਈਆਂ, ਕਿਸ-ਕਿਸ ਗਲਤੀ ਦੀ ਮੁਆਫੀ ਮੰਗਣਗੇ। ਬ੍ਰਹਮਪੁਰਾ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਤੇ ਬਿਕਰਮ ਮਜੀਠੀਆ ਦੀ ਜੋੜੀ ਨੇ ਲੋਕਾਂ ਵਿਚੋਂ ਅਕਾਲੀ ਦਲ ਪੂਰੀ ਤਰ੍ਹਾਂ ਖਤਮ ਕਰ ਦਿੱਤਾ ਹੈ, ਇਸ ਲਈ ਪ੍ਰਕਾਸ਼ ਸਿੰਘ ਬਾਦਲ ਨੂੰ ਉਹ ਬੇਨਤੀ ਕਰਦੇ ਹਨ ਕਿ ਉਹ ਪੁੱਤਰ ਮੋਹ ਤਿਆਗ ਕੇ ਪਾਰਟੀ ਦੀ ਭਲਾਈ ਬਾਰੇ ਸੋਚਣ।

# ਭੁੱਲ ਬਖਸ਼ਾਉਣ ਦਾ ਕੰਮ ਬਹੁਤ ਦੇਰੀ ਨਾਲ ਹੋਣ ਲੱਗੈ, ਸਮਾਂ ਆਏ ਤੋਂ ਚੁੱਪ ਤੋੜਾਂਗਾ : ਢੀਂਡਸਾ



ਸੰਗਰੂਰ, 9 ਦਸੰਬਰ (ਪੋਸਟ ਬਿਊਰੋ)- ਸੀਨੀਅਰ ਅਕਾਲੀ ਆਗੂ ਅਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਅਕਾਲੀ ਆਗੂਆਂ ਵੱਲੋਂ ਦਰਬਾਰ ਸਾਹਿਬ ਵਿੱਚ ਭੁੱਲ ਬਖਸ਼ਾਉਣ ਲਈ ਸ਼ੁਰੂ ਕੀਤੀ ਸੇਵਾ ਬਾਰੇ ਕਿਹਾ ਕਿ ਇਹ ਬਹੁਤ ਪਹਿਲਾਂ ਹੋਣਾ ਚਾਹੀਦਾ ਸੀ। ਕੱਲ੍ਹ ਮੀਡੀਆ ਨਾਲ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਪਿਛਲੀ ਅਕਾਲੀ ਸਰਕਾਰ ਵੇਲੇ ਇੱਕ ਬੈਠਕ ਵਿੱਚ ਇਸ ਦਾ ਸੁਝਾਓ ਵੀ ਦਿੱਤਾ ਸੀ ਕਿ ਸਾਨੂੰ ਪਸ਼ਚਾਤਾਪ ਕਰਨ ਦੀ ਲੋੜ ਹੈ। ਉਸ ਸਮੇਂ ਇਹ ਗੱਲ ਮੰਨ ਲਈ ਗਈ ਸੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਉੱਤੇ ਪੇਸ਼ ਹੋਣ ਲਈ ਸਹਿਮਤੀ ਹੋ ਗਈ ਸੀ। ਢੀਂਡਸਾ ਦਾ ਕਹਿਣਾ ਹੈ ਕਿ ਓਦੋਂ ਪਾਰਟੀ ਦੇ ਇੱਕ ਸਿਰਮੌਰ ਆਗੂ (ਨਾਂਅ ਨਹੀਂ ਲਿਆ) ਅੰਮ੍ਰਿਤਸਰ ਨੂੰ ਰਵਾਨਾ ਹੋ ਗਏ ਸਨ, ਪਰ ਬਾਅਦ ਵਿੱਚ ਸ਼ਾਇਦ ਕਿਸੇ ਨੇ ਕੋਈ ਸਲਾਹ ਦੇ ਦਿੱਤੀ ਤੇ ਉਹ ਰਸਤੇ ਵਿੱਚੋਂ ਮੁੜ ਗਏ ਸਨ। ਇੱਕ ਪ੍ਰਸ਼ਨ ਦੇ ਉਤਰ ਵਿੱਚ ਢੀਂਡਸਾ ਨੇ ਕਿਹਾ ਕਿ ਅਕਾਲੀ ਦਲ ਦਾ ਅਸਲ ਚਿਹਰਾ ਲਗਭਗ ਗਾਇਬ ਹੈ ਅਤੇ ਸਾਬਤ ਸੂਰਤ ਅਕਾਲੀਆਂ ਦੀ ਥਾਂ ਘੋਨ-ਮੋਨ ਲੋਕ ਅੱਗੇ ਆ ਜਾਣ ਨਾਲ ਪਾਰਟੀ ਦਾ ਬਹੁਤ ਨੁਕਸਾਨ ਹੋਇਆ ਹੈ। ਪਾਰਟੀ ਬਾਰੇ ਹੋਰ ਪੁੱਛੇ ਜਾਣ ਉਤੇ ਉਨ੍ਹਾਂ ਕਿਹਾ ਕਿ ਅਜੇ ਉਹ ਚੁੱਪ ਹਨ। ਫਿਰ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ 'ਮੇਰੀ ਚੁੱਪ ਨਾ ਤੁੜਵਾਓ।' ਜਦ ਉਨ੍ਹਾਂ ਤੋਂ ਪੁੱਛਿਆ ਗਿਆ ਇਹ ਚੁੱਪ ਕਦੋਂ ਟੁੱਟੇਗੀ ਤਾਂ ਉਨ੍ਹਾਂ 'ਸਮਾਂ ਆਉਣ ਉਤੇ' ਕਹਿ ਕੇ ਗੱਲ ਮੁਕਾ ਦਿੱਤੀ।

## ਬੈਂਕ ਮੈਨੇਜਰ ਨੇ ਬਜ਼ੁਰਗ ਦੇ ਖਾਤੇ ਵਿੱਚੋਂ ਹੀ 14.35 ਲੱਖ ਰੁਪਏ ਕੱਢਵਾ ਲਏ



ਨਵਾਂ ਸ਼ਹਿਰ, 9 ਦਸੰਬਰ (ਪੋਸਟ ਬਿਊਰੋ)- ਨੇੜਲੇ ਪਿੰਡ ਚੱਕਦਾਨਾ ਵਿਚਲੀ ਐੱਚ ਡੀ ਐੱਫ ਸੀ ਬੈਂਕ ਦੇ ਮੈਨੇਜਰ ਨੇ ਇੱਕ ਬਜ਼ੁਰਗ ਦੀ ਐੱਫ ਡੀ ਉੱਤੇ ਖੁਦ ਹੀ ਲਿਮਿਟ ਬਣਵਾ ਕੇ ਉਸ ਦੇ ਖਾਤੇ ਵਿੱਚੋਂ 14.35 ਲੱਖ ਰੁਪਏ ਦੂਸਰੇ ਦੇ ਖਾਤੇ ਵਿੱਚ ਟਰਾਂਸਫਰ ਕਰ ਕੇ ਧੋਖਾਧੜੀ ਕੀਤੀ ਹੈ। ਮੈਨੇਜਰ ਨੇ ਚੈੱਕਾਂ ਉੱਤੇ ਆਪਣੇ ਸਾਈਨ ਕਰ ਕੇ ਰੁਪਏ ਕਢਵਾ ਲਏ ਹਨ ਅਤੇ ਇਸ ਦੇ ਬਾਅਦ ਲੁਧਿਆਣਾ ਵਾਸੀ ਇਹ ਮੈਨੇਜਰ ਫਰਾਰ ਹੈ।

ਸ਼ਿਕਾਇਤ ਕਰਤਾ ਜਸਵਿੰਦਰ ਕੌਰ ਨੇ ਇਸ ਬਾਰੇ ਜੁਲਾਈ ਵਿੱਚ ਐੱਸ ਐੱਸ ਪੀ ਕੋਲ ਸ਼ਿਕਾਇਤ ਕੀਤੀ ਗਈ ਤਾਂ ਵੱਖ ਵੱਖ ਪੱਧਰ ਉਤੇ ਜਾਂਚ ਦੇ ਬਾਅਦ ਪੁਲਸ ਨੇ ਦੋਸ਼ੀ ਬੈਂਕ ਮੈਨੇਜਰ ਦੇ ਖਿਲਾਫ ਕੇਸ ਦਰਜ ਕੀਤਾ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਲਸਾੜਾ ਦੀ ਜਸਵਿੰਦਰ ਕੌਰ ਨੇ ਦੱਸਿਆ ਕਿ ਉਸ ਦੇ ਪਿਤਾ ਸੀਨੀਅਰ ਸਿਟੀਜਨ ਹਨ ਅਤੇ ਚੱਕਦਾਨਾ ਵਿੱਚ ਐੱਚ ਡੀ ਐੱਫ ਸੀ ਬੈਂਕ ਦੀ ਬ੍ਰਾਂਚ ਵਿੱਚ ਉਨ੍ਹਾਂ ਦਾ ਖਾਤਾ ਹੈ। ਉਨ੍ਹਾਂ ਨੇ 10 ਲੱਖ ਦੀ ਐੱਫ ਡੀ ਇੱਕ ਸਾਲ ਦੇ ਲਈ ਕਰਵਾਈ ਸੀ। ਬੈਂਕ ਪ੍ਰਨੋਟ ਦੇ ਮੁਤਾਬਕ ਉਨ੍ਹਾਂ ਨੂੰ 8.40 ਫੀਸਦੀ ਵਿਆਜ ਮਿਲਣਾ ਸੀ। ਇਸ ਦੀ ਮਿਆਦ 1 ਜਨਵਰੀ 2019 ਨੂੰ ਪੂਰੀ ਹੋਣੀ ਸੀ। ਬੈਂਕ ਦੇ ਕਸਟਮਰ ਕੇਅਰ ਵੱਲੋਂ ਉਨ੍ਹਾਂ ਨੂੰ 29 ਮਈ ਨੂੰ ਫੋਨ ਆਇਆ ਕਿ ਉਨ੍ਹਾਂ ਦੇ ਐੱਫ ਡੀ ਅਕਾਊਂਟ ਦਾ ਓਵਰ ਡਰਾਫਟ ਲਿਮਿਟ ਪੈਂਡਿੰਗ ਹੈ, ਜਦ ਕਿ ਓਵਰ ਡਰਾਫਟ ਲਿਮਿਟ ਦੇ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਸੀ। ਅਗਲੇ ਦਿਨ ਜਦ ਉਹ ਇਸ ਬਾਰੇ ਜਾਣਕਾਰੀ ਲੈਣ ਲਈ ਬੈਂਕ ਗਏ ਤਾਂ ਉਨ੍ਹਾਂ ਨੂੰ ਦੱਸਿਆ ਗਿਆ ਕਿ ਉਨ੍ਹਾਂ ਦੀ ਐੱਫ ਡੀ ਵਿੱਚੋਂ ਉਨ੍ਹਾਂ ਦੇ ਓਵਰਡਰਾਫਟ ਹੋਈ ਰਕਮ ਦਾ ਭੁਗਤਾਨ ਕਰ ਦਿੱਤਾ ਹੈ। ਉਨ੍ਹਾਂ ਨੂੰ ਦੱਸਿਆ ਗਿਆ ਕਿ ਉਨ੍ਹਾਂ ਦੇ ਖਾਤੇ ਵਿੱਚੋਂ ਅੱਠ ਜਨਵਰੀ 2018 ਨੂੰ ਕੇਸਰ ਸਿੰਘ ਦੇ ਖਾਤੇ ਵਿੱਚ 4.01 ਲੱਖ ਰੁਪਏ ਤੇ ਰਣਜੀਤ ਸਿੰਘ ਦੇ ਖਾਤੇ ਚਾਰ ਲੱਖ ਰੁਪਏ ਟਰਾਂਸਫਰ ਕੀਤੇ ਗਏ ਸਨ। ਇਸ ਦੇ ਇਲਾਵਾ ਨੌਂ ਜਨਵਰੀ ਨੂੰ ਉਨ੍ਹਾਂ ਦੇ ਖਾਤੇ ਵਿੱਚੋਂ ਮਨਜੀਤ ਕੌਰ ਦੇ ਖਾਤੇ ਵਿੱਚ ਚਾਰ ਲੱਖ ਤੇ ਰਣਜੀਤ ਸਿੰਘ ਦੇ ਖਾਤੇ ਵਿੱਚ 2.35 ਲੱਖ ਰੁਪਏ ਟਰਾਂਸਫਰ ਕੀਤੇ ਗਏ ਸਨ, ਜਦ ਕਿ ਉਨ੍ਹਾਂ ਨੇ ਨਾ ਕੋਈ ਲੋਨ ਲਿਆ ਸੀ ਅਤੇ ਨਾ ਵਿਦਡਰਾਲ ਫਾਰਮ ਬੈਂਕ ਨੂੰ ਦਿੱਤਾ ਸੀ। ਜਿਨ੍ਹਾਂ ਲੋਕਾਂ ਦੇ ਖਾਤੇ ਵਿੱਚ ਇਹ ਰੁਪਏ ਪਾਏ ਗਏ ਸਨ, ਉਨ੍ਹਾਂ ਨੂੰ ਉਹ ਜਾਣਦੇ ਵੀ ਨਹੀਂ। ਤਿੰਨ-ਚਾਰ ਜੂਨ ਨੂੰ ਜਦ ਉਹ ਬੈਂਕ ਗਏ ਅਤੇ ਅਧਿਕਾਰੀਆਂ ਨੂੰ ਪੁੱਛਿਆ ਕਿ ਬਿਨਾਂ ਐੱਫ ਡੀ ਪ੍ਰਨੋਟ ਅਤੇ ਉਨ੍ਹਾਂ ਦੇ ਸਾਈਨ ਦੇ ਬਿਨਾਂ ਉਨ੍ਹਾਂ ਦੀ ਐੱਫ ਡੀ ਕਿਵੇਂ ਤੋੜੀ ਗਈ ਤਾਂ ਬੈਂਕ ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਦੇ ਰਿਕਾਰਡ ਵਿੱਚ ਐੱਫ ਡੀ ਦਾ ਪ੍ਰਨੋਟ ਵੀ ਹੈ, ਜੋ ਉਹ ਲੋਕ ਲੈ ਕੇ ਆਏ ਹਨ, ਉਹ ਡੁਪਲੀਕੇਟ ਕਾਪੀ ਹੈ। ਉਨ੍ਹਾਂ ਨੇ ਇਸ ਦਾ ਵਿਰੋਧ ਕੀਤਾ ਤਾਂ ਬੈਂਕ ਅਧਿਕਾਰੀਆਂ ਨੇ ਉਨ੍ਹਾਂ ਨੂੰ ਧਮਕਾਉਣਾ ਸ਼ੁਰੂ ਕਰ ਦਿੱਤਾ।

## ਪੰਜਾਬ ਤੇ ਹਰਿਆਣਾ ਵਿੱਚ ਮਨੁੱਖ ਰਹਿਤ ਰੇਲਵੇ ਕਰਾਸਿੰਗ ਕੋਈ ਨਹੀਂ ਰਹਿ ਗਿਆ

ਚੰਡੀਗੜ੍ਹ, 9 ਦਸੰਬਰ (ਪੋਸਟ ਬਿਊਰੋ)- ਪੰਜਾਬ ਅਤੇ ਹਰਿਆਣਾ ਵਿੱਚ ਸਾਰੇ ਮਨੁੱਖ ਰਹਿਤ ਰੇਲਵੇ ਕਰਾਸਿੰਗ ਖਤਮ ਕਰਨ ਬਾਰੇ ਹਾਈ ਕੋਰਟ ਵਿੱਚ ਦਾਇਰ ਕੀਤੇ ਜਵਾਬ ਵਿੱਚ ਰੇਲਵੇ ਨੇ ਕਿਹਾ ਹੈ ਕਿ ਦੋਵਾਂ ਰਾਜਾਂ ਦੇ ਸਾਰੇ ਮਨੁੱਖ ਰਹਿਤ ਰੇਲਵੇ ਕਰਾਸਿੰਗਜ਼ ਨੂੰ ਹਟਾ ਕੇ ਬਦਲਵੇਂ ਪ੍ਰਬੰਧ ਕਰ ਦਿੱਤੇ ਗਏ ਹਨ।

ਰੇਲਵੇ ਦੇ ਐਡੀਸ਼ਨਲ ਡਵੀਜ਼ਨਲ ਰੇਲਵੇ ਮੈਨੇਜਰ ਰਾਜੀਵ ਧਨਖੜ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਦਾਇਰ ਕੀਤੇ ਜਵਾਬ ਵਿੱਚ ਕਿਹਾ ਹੈ ਕਿ ਪੰਜਾਬ ਅਤੇ ਹਰਿਆਣਾ ਵਿੱਚ ਸਾਰੇ ਮਨੁੱਖ ਰਹਿਤ ਰੇਲਵੇ ਕਰਾਸਿੰਗਜ਼ ਉਤੇ ਓਵਰ ਬ੍ਰਿਜ, ਅੰਡਰਬ੍ਰਿਜ ਬਣਾ ਦਿੱਤੇ ਗਏ ਜਾਂ ਗੇਟ ਕੀਪਰ ਤੈਨਾਤ ਕੀਤੇ ਗਏ ਹਨ। ਗੁਰਵਿੰਦਰ ਸਿੰਘ ਤੇ ਹੋਰਨਾਂ ਵੱਲੋਂ ਮਨੁੱਖ ਰਹਿਤ ਰੇਲਵੇ ਕਰਾਸਿੰਗ 'ਤੇ ਹੋ ਰਹੇ ਹਾਦਸਿਆਂ ਦੇ ਕਾਰਨ ਦੋਵਾਂ ਰਾਜਾਂ ਵਿੱਚ ਸਾਰੇ ਮਨੁੱਖ ਰਹਿਤ ਰੇਲਵੇ ਕਰਾਸਿੰਗ 'ਤੇ ਸੁਰੱਖਿਆ ਪ੍ਰਬੰਧਾਂ ਦੇ ਬਾਰੇ ਪੰਜਾਬ ਹਰਿਆਣਾ ਵਿੱਚ ਦਾਇਰ ਅਰਜ਼ੀ ਦੇ ਜਵਾਬ ਵਿੱਚ ਧਨਖੜ ਨੇ ਇਹ ਜਾਣਕਾਰੀ ਦਿੱਤੀ ਹੈ। ਪੰਜਾਬ ਤੇ ਹਰਿਆਣਾ ਤੋਂ ਜਵਾਬ ਮੰਗਦੇ ਹੋਏ ਜਸਟਿਸ ਰਾਜਨ ਗੁਪਤਾ ਦੀ ਬੈਂਚ ਨੇ ਕਿਹਾ ਹੈ ਕਿ ਦੋਵਾਂ ਸੂਬਾ ਸਰਕਾਰਾਂ, ਰੇਲਵੇ ਵੱਲੋਂ ਦਾਇਰ ਜਵਾਬ ਦੀ ਰੋਸ਼ਨੀ ਵਿੱਚ ਇਸ ਵਿਸ਼ੇ 'ਤੇ ਆਪਣਾ ਜਵਾਬ ਦਾਇਰ ਕਰਨ।

ਬਰਗਾੜੀ ਤੇ ਬਹਿਬਲ ਕਲਾਂ ਕਾਂਡ:

# ਅਕਸ਼ੈ ਕੁਮਾਰ ਦੀ ਕੋਠੀ ਵਿੱਚ ਹੋਈ ਸੀ ਸੁਖਬੀਰ ਤੇ ਡੇਰਾ ਮੁਖੀ ਦੀ ਬੈਠਕ: ਰਾਜਦੇਵ



ਬਰਨਾਲਾ, 9 ਦਸੰਬਰ (ਪੋਸਟ ਬਿਊਰੋ)- ਸਾਢੇ ਤਿੰਨ ਸਾਲ ਪਹਿਲਾਂ ਵਾਪਰੇ ਬਰਗਾੜੀ ਅਤੇ ਬਹਿਬਲ ਕਲਾਂ ਕਾਂਡ ਦੀ ਜਾਂਚ ਕਰਨ ਲਈ ਬਣਾਈ ਗਈ ਵਿਸ਼ੇਸ਼ ਜਾਂਚ ਟੀਮ (ਸਿਟ) ਵੱਲੋਂ ਕੱਲ੍ਹ ਸਾਬਕਾ ਪਾਰਲੀਮੈਂਟ ਮੈਂਬਰ ਅਤੇ ਸੀਨੀਅਰ ਵਕੀਲ ਰਾਜਦੇਵ ਸਿੰਘ ਖਾਲਸਾ ਦੇ ਬਿਆਨ ਦਰਜ ਕੀਤੇ ਗਏ। ਐਡਵੋਕੇਟ ਖਾਲਸਾ ਦੇ ਬਿਆਨ ਦਰਜ ਕਰਨ ਲਈ ਸਿੱਟ ਦੇ ਡੀ ਐਸ ਪੀ ਬਿਭੌਰ ਕੁਮਾਰ ਤੇ ਇੰਸਪੈਕਟਰ ਅਨਿਲ ਭਨੋਟ ਬਰਨਾਲਾ ਵਿੱਚ ਉਨ੍ਹਾਂ ਦੇ ਘਰ ਪਹੁੰਚੇ ਤੇ ਲਗਭਗ ਦੋ ਘੰਟੇ ਉਨ੍ਹਾਂ ਨੇ ਰਾਜਦੇਵ ਸਿੰਘ ਖਾਲਸਾ ਦੇ ਬਿਆਨ ਲਏ।

ਇਸ ਕਾਰਵਾਈ ਦੇ ਬਾਅਦ ਜਦੋਂ ਟੀਮ ਵਾਪਸ ਚੱਲੀ ਤਾਂ ਪੱਤਰਕਾਰਾਂ ਨੇ ਉਨ੍ਹਾਂ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਹ ਬਿਨਾਂ ਗੱਲ ਕੀਤੇ ਵਾਪਸ ਚਲੇ ਗਏ। ਰਾਜਦੇਵ ਸਿੰਘ ਖਾਲਸਾ ਨੇ ਇਸ ਦੇ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੈਂ 2015 ਵਿੱਚ ਸਭ ਤੋਂ ਪਹਿਲਾਂ ਖੁਲਾਸਾ ਕੀਤਾ ਸੀ ਕਿ ਐਕਟਰ ਅਕਸ਼ੈ ਕੁਮਾਰ ਦੀ ਕੋਠੀ ਵਿੱਚ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਡੇਰਾ ਮੁਖੀ ਰਾਮ ਰਹੀਮ ਦੀ ਬੈਠਕ ਹੋਈ ਸੀ, ਇਸ ਦੇ ਸਬੂਤ ਮੈਂ ਅੱਜ ਸਿੱਟ ਦੇ ਸਾਹਮਣੇ ਪੇਸ਼ ਕੀਤੇ। ਮੈਂ ਛੇ ਪੇਜਾਂ ਦੇ ਬਿਆਨ ਲਿਖਵਾਏ ਹਨ ਕਿ ਸਾਲ 2015 ਵਿੱਚ ਐਕਟਰ ਅਕਸ਼ੈ ਕੁਮਾਰ ਦੀ ਕੋਠੀ ਵਿੱਚ ਰਾਮ ਰਹੀਮ ਅਤੇ ਸੁਖਬੀਰ ਸਿੰਘ ਬਾਦਲ ਦੀ ਬੈਠਕ ਹੋਈ ਸੀ। ਇਹ ਬੈਠਕ ਲਗਭਗ ਸਾਢੇ ਤਿੰਨ ਘੰਟੇ ਚੱਲੀ ਅਤੇ ਉਨ੍ਹਾਂ ਇਕੱਠਿਆਂ ਖਾਣਾ ਖਾਧਾ ਸੀ। ਉਦੋਂ ਸੁਖਬੀਰ ਸਿੰਘ ਬਾਦਲ ਨੇ ਰਾਮ ਰਹੀਮ ਸਿੰਘ ਨੂੰ ਅਕਾਲ ਤਖਤ ਤੋਂ ਮੁਆਫੀ ਦਿਵਾਉਣ ਅਤੇ ਉਸ ਦੀ ਫਿਲਮ 'ਮੈਸੇਂਜਰ ਆਫ ਗੌਡ' ਪੰਜਾਬ ਵਿੱਚ ਚਲਾਉਣ ਦਾ ਭਰੋਸਾ ਦਿੱਤਾ ਸੀ। ਇਸ ਦੇ ਬਦਲੇ ਰਾਮ ਰਹੀਮ ਸਿੰਘ ਨੇ ਸੁਖਬੀਰ ਸਿੰਘ ਬਾਦਲ ਨੂੰ ਵਿਧਾਨ ਸਭਾ ਚੋਣਾਂ ਮੌਕੇ ਡੇਰਾ ਪ੍ਰੇਮੀਆਂ ਦੀਆਂ ਵੋਟਾਂ ਅਕਾਲੀ ਦਲ ਨੂੰ ਪਵਾਉਣ ਦਾ ਭਰੋਸਾ ਦਿੱਤਾ। ਫਿਰ ਡੇਰਾ ਮੁਖੀ ਦੇ ਦੋ ਮੁਆਫੀਨਾਮੇ ਬਾਹਰ ਆਏ, ਜੋ ਮੁਆਫੀਨਾਮਾ ਦਿੱਲੀ ਵਿੱਚ ਰਿਲੀਜ਼ ਕੀਤਾ ਗਿਆ ਸੀ, ਉਹ ਹਿੰਦੀ ਵਿੱਚ ਸੀ ਤੇ ਜੋ ਦਰਬਾਰ ਸਾਹਿਬ ਵਿੱਚ ਭੇਜਿਆ ਸੀ, ਉਹ ਪੰਜਾਬੀ ਵਿੱਚ ਸੀ। ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਕਿ ਦੋਸ਼ੀ ਵਿਅਕਤੀ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਹਮਣੇ ਪੇਸ਼ ਨਹੀਂ ਹੋਇਆ ਅਤੇ ਅਕਾਲ ਤਖਤ ਦੇ ਜਥੇਦਾਰ ਨੇ ਉਸ ਵਿਅਕਤੀ ਨੂੰ ਮੁਆਫੀ ਦੇ ਦਿੱਤੀ। ਇਹ ਸਭ ਸੁਖਬੀਰ ਸਿੰਘ ਬਾਦਲ ਦੇ ਇਸ਼ਾਰੇ 'ਤੇ ਹੋਇਆ, ਪਰ ਸਿੱਖਾਂ ਦੇ ਵਿਰੋਧ ਪਿੱਛੋਂ ਅਕਾਲ ਤਖਤ ਦੇ ਜਥੇਦਾਰ ਨੇ ਡੇਰਾ ਮੁਖੀ ਦਾ ਮੁਆਫੀਨਾਮਾ ਰੱਦ ਕਰ ਦਿੱਤਾ। ਇਸ ਦੇ ਬਾਅਦ ਬਰਗਾੜੀ ਕਾਂਡ ਹੋਇਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਗਈ। ਬਾਅਦ ਵਿੱਚ ਬੇਅਦਬੀ ਕਰਨ ਵਾਲੇ ਡੇਰਾ ਪ੍ਰੇਮੀ ਨਿਕਲੇ।

# ਪੰਜਾਬ ਦੀ ਟੂਰਿਸਟ ਪਰਮਿਟ ਵਾਲੀ ਸਰਕਾਰੀ ਵਾਲਵੋ ਬੱਸ ਰੋਕ ਕੇ ਦਿੱਲੀ ਦੇ ਥਾਣੇ ਲਵਾ ਦਿੱਤੀ ਗਈ

ਜਲੰਧਰ, 9 ਦਸੰਬਰ (ਪੋਸਟ ਬਿਊਰੋ)- ਬਹੁਤ ਸਾਰੀਆਂ ਬੈਠਕਾਂ ਦੇ ਲੰਬੇ ਦੌਰ, ਆਪਸੀ ਸਹਿਮਤੀ ਤੇ ਐੱਨ ਆਰ ਆਈ ਯਾਤਰੀਆਂ ਦੀ ਸਹੂਲਤ ਦੀ ਦੁਹਾਈ ਦੇ ਬਾਵਜੂਦ ਦਿੱਲੀ ਸਰਕਾਰ ਦੇ ਟਰਾਂਸਪੋਰਟ ਵਿਭਾਗ ਨੇ ਟੂਰਿਸਟ ਪਰਮਿਟ ਉੱਤੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਵਾਸਤੇ ਗਈ ਪੰਜਾਬ ਰੋਡਵੇਜ਼ ਜਲੰਧਰ ਡਿਪੂ ਦੀ ਵਾਲਵੋ ਨੂੰ ਥਾਣੇ ਵਿੱਚ ਬੰਦ ਕਰ ਦਿੱਤਾ ਹੈ। ਇਸ ਵਾਰ ਵਾਲਵੋ ਬਸ ਨੂੰ ਥਾਣੇ ਬੰਦ ਕਰਨ ਦਾ ਤਰਕ ਇਹ ਦਿੱਤਾ ਗਿਆ ਕਿ ਟੂਰਿਸਟ ਪਰਮਿਟ ਠੀਕ, ਪਰ ਹਵਾਈ ਅੱਡੇ ਤੱਕ ਆਉਣ ਦੀ ਇਜਾਜ਼ਤ ਨਹੀਂ ਸੀ। ਇਸ ਲਈ ਬਸ ਨੂੰ ਥਾਣੇ 'ਚ ਬੰਦ ਕੀਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਸ਼ੁੱਕਰਵਾਰ ਰਾਤ ਬਸ ਨੂੰ ਥਾਣੇ 'ਚ ਬੰਦ ਕਰਨ ਪਿੱਛੋਂ ਰੋਡਵਜ਼ ਮੁਲਾਜ਼ਮਾਂ ਨੂੰ ਦਿੱਲੀ ਦੇ ਟਰਾਂਸਪੋਰਟ ਵਿਭਾਗ ਨੇ ਨੌਂ ਤਰੀਕ ਦਿੱਤੀ, ਜਿਸ ਕਾਰਨ ਕੱਲ੍ਹ ਵੀ ਵਾਲਵੋ ਨੂੰ ਛੁਡਵਾਇਆ ਨਹੀਂ ਜਾ ਸਕਿਆ। ਟੂਰਿਸਟ ਪਰਮਿਟ ਉੱਤੇ ਦਿੱਲੀ ਹਵਾਈ ਅੱਡੇ ਭੇਜੀ ਗਈ ਵਾਲਵੋ ਬਸ ਦੇ ਥਾਣੇ 'ਚ ਬੰਦ ਹੋਣ ਪਿੱਛੋਂ ਕੱਲ੍ਹ ਜਲੰਧਰ ਤੋਂ ਕੋਈ ਹੋਰ ਵਾਲਵੋ ਬਸ ਹਵਾਈ ਅੱਡੇ ਨੂੰ ਨਹੀਂ ਜਾ ਸਕੀ। ਪੰਜਾਬ ਰੋਡਵੇਜ਼ ਜਲੰਧਰ ਕੋਲ ਤਿੰਨ ਟੂਰਿਸਟ ਪਰਮਿਟ ਹਨ ਤੇ ਦਿਨ ਵੇਲੇ ਤਿੰਨ ਬੱਸਾਂ ਦੀ ਹਵਾਈ ਅੱਡੇ ਨੂੰ ਤੋਰਨ ਦੀ ਯੋਜਨਾ ਤੈਅ ਕੀਤੀ ਗਈ ਸੀ। ਪੰਜਾਬ ਰੋਡਵੇਜ਼ ਜਲੰਧਰ ਦੇ ਜਨਰਲ ਮੈਨੇਜਰ ਪਰਨੀਤ ਸਿੰਘ ਮਿਨਹਾਸ ਨੇ ਡਿਪੂ ਦੀ ਵਾਲਵੋ ਬਸ ਦੇ ਦੁਆਰਕਾ ਥਾਣੇ ਵਿੱਚ ਬੰਦ ਕੀਤੇ ਜਾਣ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਇਸ ਬਾਰੇ ਚੰਡੀਗੜ੍ਹ ਹੈੱਡਕੁਆਰਟਰ ਨੂੰ ਸੂਚਿਤ ਕਰ ਦਿੱਤਾ ਗਿਆ ਹੈ।

ਪੰਜਾਬ ਰੋਡਵੇਜ਼ ਟੂਰਿਸਟ ਪਰਮਿਟ 'ਤੇ ਦਿੱਲੀ ਹਵਾਈ ਅੱਡੇ ਗਈ ਬਸ ਥਾਣੇ ਵਿੱਚ ਬੰਦ ਹੋਣ 'ਤੇ ਮੁਲਾਜ਼ਮਾਂ ਵਿੱਚ ਭਾਰੀ ਰੋਸ ਹੈ। ਉਨ੍ਹਾਂ ਨੇ ਦਬੀ ਜ਼ੁਬਾਨ 'ਚ ਦੋਸ਼ ਲਾਇਆ ਕਿ ਦਿੱਲੀ ਸਰਕਾਰ ਦੇ ਕੁਝ ਅਧਿਕਾਰੀ ਨਿੱਜੀ ਬਸ ਮਾਫੀਆ ਦੇ ਪ੍ਰਭਾਵ ਹੇਠ ਇਹ ਕਾਰਵਾਈ ਕਰ ਕੇ ਰੋਡਵੇਜ਼ ਬਸਾਂ ਨੂੰ ਦਿੱਲੀ ਵਿੱਚ ਬੰਦ ਕਰਵਾ ਰਹੇ ਹਨ।

## ਦੁਕਾਨ ਵਿੱਚ ਬੈਠੇ ਨੌਜਵਾਨ ਦੀ ਗੋਲੀਆਂ ਮਾਰ ਕੇ ਹੱਤਿਆ

ਕਰਤਾਰਪੁਰ, 9 ਦਸੰਬਰ (ਪੋਸਟ ਬਿਊਰੋ)- ਅਣਪਛਾਤੇ ਮੋਟਰ ਸਾਈਕਲ ਸਵਾਰ ਨੰਬਰ ਪਲੇਟ ਬਣਾਉਣ ਵਾਲੇ ਸਾਈਂ ਆਰਟ ਗੈਲਰੀ ਦੇ ਮਾਲਕ ਨੂੰ ਕੱਲ੍ਹ ਸ਼ਾਮ ਚਾਰ ਗੋਲੀਆਂ ਮਾਰ ਕੇ ਫਰਾਰ ਹੋ ਗਏ। ਮੌਕੇ 'ਤੇ ਮੌਜੂਦ ਲੋਕਾਂ ਨੇ ਉਸ ਨੂੰ ਕਰਤਾਰਪੁਰ ਸਿਵਲ ਹਸਪਤਾਲ ਪਹੁੰਚਾਇਆ ਜਿੱਥੋਂ ਡਾਕਟਰਾਂ ਨੇ ਉਸ ਨੂੰ ਜਲੰਧਰ ਰੈਫਰ ਕਰ ਦਿੱਤਾ, ਪਰ ਇਲਾਜ ਦੌਰਾਨ ਜੋ ਉਸ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਡਿੰਪਲ ਕੁਮਾਰ ਵਜੋਂ ਹੋਈ ਹੈ। ਇਹ ਸਾਰੀ ਘਟਨਾ ਸੀ ਸੀ ਟੀ ਵੀ ਕੈਮਰੇ ਵਿੱਚ ਕੈਦ ਹੋ ਚੁੱਕੀ ਹੈ। ਇਸ ਦੀ ਸੂਚਨਾ ਮਿਲਦੇ ਸਾਰ ਥਾਣਾ ਕਰਤਾਰਪੁਰ ਪੁਲਸ ਦੇ ਨਾਲ ਜਲੰਧਰ ਪੁਲਸ ਦੇ ਉਚ ਅਧਿਕਾਰੀ ਏ ਸੀ ਪੀ ਨਵਨੀਤ ਸਿੰਘ ਮਾਹਲ, ਡੀ ਐਸ ਪੀ ਡੀ ਲਖਬੀਰ ਸਿੰਘ, ਡੀ ਐੱਸ ਪੀ ਦਿਗਵਿਜੇ ਕਪਿਲ ਅਤੇ ਹੋਰ ਮੌਕੇ ਉੱਤੇ ਪੁੱਜੇ ਅਤੇ ਜਾਂਚ ਆਰੰਭ ਦਿੱਤੀ। ਵਾਰਦਾਤ ਵਾਲੀ ਥਾਂ ਮੌਜੂਦ ਕੁਝ ਲੋਕਾਂ ਨੇ ਦੱਸਿਆ ਕਿ ਦੋ ਨੌਜਵਾਨਾਂ 'ਚੋਂ ਇੱਕ ਪਗੜੀਧਾਰੀ ਤੇ ਦੂਜੇ ਨੇ ਸਿਰ ਉੱਤੇ ਟੋਪੀ ਲੈ ਕੇ ਮੂੰਹ ਢਕਿਆ ਹੋਇਆ ਸੀ। ਉਨ੍ਹਾਂ ਦੁਕਾਨ ਅੰਦਰ ਜਾ ਕੇ ਡਿੰਪਲ ਨੂੰ ਚਾਰ ਗੋਲੀਆਂ ਮਾਰ ਦਿੱਤੀਆਂ ਅਤੇ ਜਾਂਦੇ ਹੋਏ ਦੁਕਾਨ ਦੇ ਬਾਹਰ ਹਵਾਈ ਫਾਇਰ ਕਰ ਕੇ ਮੋਟਰ ਸਾਈਕਲ 'ਤੇ ਇੰਪਰੂਵਮੈਂਟ ਟਰੱਸਟ ਕਲੋਨੀ ਵੱਲ ਫਰਾਰ ਹੋ ਗਏ।

7 STAR IMMIGRATION
ਵੀਜ਼ਾ ਤੇ ਇਮੀਗ੍ਰੇਸ਼ਨ ਦੀਆਂ ਸੇਵਾਵਾਂ
With Our Expert Team
ਜੇ ਹੋਰ ਪਾਸੋ ਯਤਨ ਕਰਕੇ ਥੱਕ ਚੁਕੇ ਹੋ,
ਤਾਂ ਇਕ ਵਾਰੀ ਸੇਵਾ ਦਾ ਮੌਕਾ ਜ਼ਰੂਰ ਦਿਓ!
- Spousal Sponsorship
- Study Visa
- Express Entry
- Work Visa
- Visitor Visa
- Super Visa
- Citizenship
- PR Card Renewal
- Caregiver Program
- Atlantic Pilot Program
- Study Permit Extension
- PNP Application
- Work Permit Extension
- LMIA Application
- Spousal Work Permit
- Multiple Visa
- Parent Sponsorship
- Grandparents Sponsorship

Simrat Nijjar
Regulated Canadian Immigration Consultant
Ph:(905) 846-0707
Fax:(905)497-0706
Visit us online: www.7starimmigration.ca or email us at: info@7starimmigration.ca
1625 Steeles Ave E., Unit 17A, Brampton, ON L6T 4T7
Main Intersection- Steeles & Advance Blvd.

Jobs Jobs Jobs
General Labour/ Drivers/ Window Assemblers & Machine Operators
ਅੱਜ ਆਓ ਤੇ ਕੱਲ ਕੰਮ ਤੇ ਜਾਓ
– Full time/Part time workers Needed
– Morning & Afternoon Shifts Available
– 12 ਘੰਟੇ ਦੀਆਂ Shifts Available ਹਨ
– 7 ਦਿਨ ਕੰਮ ਉਪਲਬੱਧ ਹੈ।
– ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
– ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
416.618.6030/416 477 3344
2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ

ਬੁਲੰਦਸ਼ਹਿਰ ਹਿੰਸਾ ਮਾਮਲਾ:

# ਇੰਸਪੈਕਟਰ ਨੂੰ ਗੋਲੀ ਮਾਰ ਕੇ ਮਾਰਨ ਵਾਲਾ ਫੌਜੀ ਕਸ਼ਮੀਰ ਵਿੱਚੋਂ ਗ੍ਰਿਫਤਾਰ



*ਮੁਲਜ਼ਿਮ ਨੂੰ ਫੜ੍ਹ ਕੇ ਲਿਆਂਉਂਦੇ ਹੋਏ ਪੁਲਸ ਅਧਿਕਾਰੀ।*

ਸ੍ਰੀਨਗਰ, 9 ਦਸੰਬਰ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਬੁਲੰਦਸ਼ਹਿਰ ਵਿਖੇ ਇਸ ਹਫਤੇ ਵਾਪਰੀ ਹਿੰਸਾ ਵਿੱਚ ਪੁਲਸ ਇੰਸਪੈਕਟਰ ਸੁਬੋਧ ਕੁਮਾਰ ਸਿੰਘ ਨੂੰ ਗੋਲੀ ਮਾਰ ਕੇ ਕਤਲ ਕਰਨ ਵਿੱਚ ਸ਼ਾਮਲ ਫੌਜੀ ਜਵਾਨ ਨੂੰ ਕਸ਼ਮੀਰ ਤੋਂ ਗ੍ਰਿਫਤਾਰ ਕਰ ਲਿਆ ਗਿਆ ਅਤੇ ਬਾਕੀ ਕਾਰਵਾਈ ਯੂ ਪੀ ਪੁਲਸ ਕਰ ਰਹੀ ਹੈ।

ਜਾਣਕਾਰ ਸੂਤਰਾਂ ਅਨੁਸਾਰ ਜਤਿੰ-ਦਰ ਮਲਿਕ (ਜੀਤੂ ਫੌਜੀ) ਨੂੰ ਉੱਤਰੀ ਕਸ਼ਮੀਰ ਦੇ ਸੋਪੋਰ ਕਸਬੇ ਵਿਚਲੇ 22 ਆਰ ਆਰ ਦੇ ਕੈਂਪ ਵਿੱਚੋਂ ਉੱਤਰ ਪ੍ਰਦੇਸ਼ ਦੀ ਪੁਲਸ ਨੇ ਗ੍ਰਿਫਤਾਰ ਕੀਤਾ ਹੈ। ਜੀਤੂ ਕਸ਼ਮੀਰ ਵਿੱਚ ਤੈਨਾਤ ਹੈ ਅਤੇ 15 ਦਿਨ ਦੀ ਛੁੱਟੀ ਉੱਤੇ ਆਪਣੇ ਘਰ ਬੁਲੰਦ ਸ਼ਹਿਰ ਗਿਆ ਸੀ, ਜਿੱਥੇ ਹਿੰਸਾ ਫੈਲਣ ਵੇਲੇ ਇੰਸਪੈਕਟਰ ਸੁਬੋਧ ਕੁਮਾਰ ਅਤੇ ਇੱਕ ਨੌਜਵਾਨ ਉੱਤੇ ਭੀੜ ਨੇ ਓਦੋਂ ਹਮਲਾ ਕਰ ਦਿੱਤਾ, ਜਦ ਇੰਸਪੈਕਟਰ ਗਊ ਹੱਤਿਆ ਦੀ ਘਟਨਾ ਦੀ ਜਾਂਚ ਲਈ ਇਲਾਕੇ 'ਚ ਗਿਆ ਸੀ ਅਤੇ ਫਿਰ ਇੰਸਪੈਕਟਰ ਨੂੰ 32 ਬੋਰ ਦੀ ਪਿਸਤੌਲ ਨਾਲ ਗੋਲੀ ਮਾਰ ਦਿੱਤੀ ਗਈ ਸੀ। ਪੁਲਸ ਦਾ ਮੰਨਣਾ ਹੈ ਕਿ ਗੋਲੀ ਜੇਤੂ ਨੇ ਚਲਾਈ ਸੀ। ਜੀਤੂ ਫੌਜੀ ਵਰਗੇ ਬੰਦੇ ਨੂੰ ਹਿੰਸਾ ਮੌਕੇ ਇੱਕ ਥਾਂ ਵੀਡੀਓ ਵਿੱਚ ਇੰਸਪੈਕਟਰ ਕੋਲ ਖੜ੍ਹਾ ਦੇਖਿਆ ਗਿਆ ਸੀ। ਸੂਤਰਾਂ ਅਨੁਸਾਰ ਜੀਤੂ ਇਸ ਘਟਨਾ ਤੋਂ ਬਾਅਦ ਉਸ ਰਾਤ ਵਾਰ ਕਸ਼ਮੀਰ ਮੁੜ ਗਿਆ ਸੀ। ਫੌਜ ਦੇ ਮੁਖੀ ਜਨਰਲ ਬਿਪਨ ਰਾਵਤ ਨੇ ਕਿਹਾ ਹੈ ਕਿ ਜੇ ਜਤਿੰਦਰ ਮਲਿਕ ਦੇ ਖਿਲਾਫ ਕੋਈ ਸਬੂਤ ਪਾਇਆ ਜਾਂਦਾ ਹੈ ਤੇ ਪੁਲਸ ਇਸ ਨੂੰ ਸ਼ੱਕੀ ਮੰਨਦੀ ਹੈ ਤਾਂ ਅਸੀਂ ਉਸ ਨੂੰ ਪੁਲਸ ਦੇ ਸਾਹਮਣੇ ਪੇਸ਼ ਕਰਾਂਗੇ। ਅਸੀਂ ਇਸ ਮਾਮਲੇ ਵਿੱਚ ਯੂ ਪੀ ਪੁਲਸ ਦੀ ਹਰ ਤਰ੍ਹਾਂ ਦੀ ਕਾਨੂੰਨੀ ਮਦਦ ਕਰਾਂਗੇ।

# ਜੰਮੂ-ਕਸ਼ਮੀਰ ਦੇ ਪੁਣਛ ਵਿੱਚ ਬਸ ਖੱਡ ਵਿੱਚ ਡਿੱਗੀ, 14 ਮੌਤਾਂ



ਪੁਣਛ, 9 ਦਸੰਬਰ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੇ ਪੁਣਛ ਜ਼ਿਲ੍ਹੇ ਵਿੱਚ ਇੱਕ ਸੜਕ ਹਾਦਸੇ ਵਿੱਚ ਸਵਾਰੀਆਂ ਨਾਲ ਭਰੀ ਬਸ ਡੂੰਘੀ ਖੱਡ ਵਿੱਚ ਜਾ ਡਿੱਗੀ, ਜਿਸ ਕਾਰਨ ਮਾਂ-ਧੀ ਸਮੇਤ 14 ਲੋਕਾਂ ਦੀ ਮੌਤ ਹੋ ਗਈ ਅਤੇ 17 ਹੋਰ ਜ਼ਖਮੀ ਹੋ ਗਏ। ਪੰਜ ਗੰਭੀਰ ਜ਼ਖਮੀਆਂ ਨੂੰ ਨੇੜਲੇ ਹਸਪਤਾਲ ਵਿੱਚ ਇਲਾਜ ਤੋਂ ਬਾਅਦ ਹੈਲੀਕਾਪਟਰ ਰਾਹੀਂ ਜੰਮੂ ਮੈਡੀਕਲ ਕਾਲਜ ਵਿੱਚ ਇਲਾਜ ਲਈ ਤਬਦੀਲ ਕਰ ਦਿੱਤਾ ਗਿਆ।

ਪੁਣਛ ਦੇ ਡਿਪਟੀ ਕਮਿਸ਼ਨਰ ਰਾਹੁਲ ਯਾਦਵ ਅਨੁਸਾਰ ਕੱਲ੍ਹ ਸਵੇਰੇ ਸਵਾਰੀਆਂ ਨਾਲ ਭਰੀ ਬਸ ਪੁਣਛ ਤੋਂ ਲੋਰਾਨ ਜਾਂਦੇ ਹੋਏ ਪਲੇਰਾ ਨੇੜੇ ਡਰਾਈਵਰ ਤੋਂ ਬੇਕਾਬੂ ਹੋ ਕੇ ਡੂੰਘੀ ਖੱਡ ਵਿੱਚ ਜਾ ਡਿੱਗੀ। ਇਸ ਤੋਂ ਬਾਅਦ ਸਥਾਨਕ ਲੋਕਾਂ ਦੇ ਨਾਲ ਪ੍ਰਸ਼ਾਸਨ ਅਤੇ ਪੁਲਸ ਨੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ, ਪਰ ਇਸ ਦੌਰਾਨ ਗੱਡੀ ਵਿੱਚ ਸਵਾਰ 11 ਵਿਅਕਤੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਡੀ ਐੱਸ ਪੀ ਪੁਣਛ ਰਾਜਾ ਆਦਲ ਹਮੀਦ ਅਨੁਸਾਰ ਬਸ ਡਰਾਈਵਰ ਪਰਵਿੰਦਰ ਸਿੰਘ ਲਵਲੀ ਹਸਪਤਾਲ ਲੈ ਜਾਂਦੇ ਸਮੇਂ ਦਮ ਤੋੜ ਗਿਆ। ਸਾਰੇ ਮ੍ਰਿਤਕ ਲੋਰਾਨ ਅਤੇ ਆਸਪਾਸ ਦੇ ਖੇਤਰ ਦੇ ਰਹਿਣ ਵਾਲੇ ਸਨ।

# ਚੀਨ, ਪਾਕਿ ਕਰਦੇ ਸਨ ਮਿਜ਼ੋਰਮ ’ਚ ਅੱਤਵਾਦ ਦਾ ਸਮੱਰਥਨ

ਆਈਜ਼ੋਲ, 9 ਦਸੰਬਰ (ਪੋਸਟ ਬਿਊਰੋ)- ਕਦੇ ਖ਼ੂੰਖਾਰ ਅੱਤਵਾਦੀ ਰਹੇ ਅਤੇ ਅੱਜ ਕੱਲ੍ਹ ਉੱਤਰ-ਪੂਰਬ ਦੇ ਮੁੱਖ ਸਿਆਸੀ ਆਗੂ ਜੋਰਾਮਥੰਗਾ ਨੇ ਆਪਣੀ ਆਤਮ ਕਥਾ ਪੂਰੀ ਕਰ ਲਈ ਹੈ। ਮਿਜ਼ੋਰਮ ਦੇ ਇਸ ਸਾਬਕਾ ਮੁੱਖ ਮੰਤਰੀ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਆਤਮ ਕਥਾ ‘ਬਹੁ ਆਈਜ਼ੋਲਤ’ ਇੱਕ ਵਿਵਾਦਤ ਕਿਤਾਬ ਹੋਵੇਗੀ ਅਤੇ ਉਸ ਉੱਤੇ ਪਾਕਿਸਤਾਨ ਅਤੇ ਚੀਨ ਦੋਵਾਂ ਨੂੰ ਇਤਰਾਜ਼ ਹੋ ਸਕਦਾ ਹੈ, ਕਿਉਂਕਿ ਇਸ ਵਿਚ ਮਿਜ਼ੋਰਮ ਦੀ ਬਗਾਵਤ ਨੂੰ ਉਨ੍ਹਾਂ ਦੇ ਸਮੱਰਥਨ ਦਾ ਪੂਰਾ ਜ਼ਿਕਰ ਹੈ। ਦੋ ਹਿੱਸਿਆਂ ਵਿਚ ਲਿਖੀ ਇਸ ਕਿਤਾਬ ਨੂੰ ਮਿਜ਼ੋ ਭਾਸ਼ਾ ਵਿਚ ਐੱਮ ਆਈ ਐੱਲ ਏ ਆਰ ਆਈ (ਮਿਲਾਰੀ) ਆਖਿਆ ਗਿਆ ਹੈ। ਇਸ ਦਾ ਅੰਗਰੇਜ਼ੀ ਵਿਚ ਅਨੁਵਾਦ ਅਜੇ ਕੀਤਾ ਜਾ ਰਿਹਾ ਹੈ।

ਮਿਜ਼ੋ ਨੈਸ਼ਨਲ ਫਰੰਟ ਦੇ ਪ੍ਰਧਾਨ ਜੋਰਾਮਥੰਗਾ, ਜਿਹੜੇ ਦੋ ਵਾਰ ਮੁੱਖ ਮੰਤਰੀ ਰਹਿ ਚੁੱਕੇ ਹਨ, ਨੇ ਕਿਹਾ ਕਿ ਕਿਤਾਬ ਵਿਚ ਉਨ੍ਹਾਂ ਦੇ 20 ਸਾਲਾਂ ਤਕ ਅੰਡਰ ਗਰਾਊਂਡ ਰਹਿਣ ਦੇ ਦਿਨਾਂ ਦਾ ਵਿਸਥਾਰ ਨਾਲ ਵਰਣਨ ਕੀਤਾ ਗਿਆ ਹੈ। ਇਸ ਵਿਚ ਇਹ ਵੀ ਸ਼ਾਮਲ ਹੋਵੇਗਾ ਕਿ ਕਿਵੇਂ ਢਾਕਾ ਅਸਫਲ ਹੋਇਆ ਅਤੇ ਭਾਰਤ ਨੇ ਲੈਫਟੀਨੈਂਟ ਜਨਰਲ ਏ ਏ ਕੇ ਨਿਆਜ਼ੀ ਦੇ ਇਕ ਲੱਖ ਦੇ ਕਰੀਬ ਫ਼ੌਜੀਆਂ ਨੂੰ ਫੜਿਆ ਸੀ। ਉਨ੍ਹਾਂ ਦੱਸਿਆ ਕਿ ਐੱਮ ਐੱਨ ਐੱਫ ਦਾ ਕਾਡਰ ਪੂਰਬੀ ਪਾਕਿਸਤਾਨ (ਅਜੋਕਾ ਬੰਗਲਾ ਦੇਸ਼) ਦੇ ਪਾਕਿਸਤਾਨੀ ਕਮਾਂਡੋਜ਼ ਨਾਲ ਮਿਲ ਗਿਆ ਤੇ ਲੈਫਟੀਨੈਂਟ ਜਨਰਲ ਜੇ ਐੱਸ ਅਰੋੜਾ ਵੱਲੋਂ ਫੜ ਲਿਆ ਗਿਆ ਸੀ, ਪ੍ਰੰਤੂ ਬਾਅਦ ਵਿਚ ਸਾਰੇ ਭੱਜ ਗਏ ਅਤੇ ਜੰਗਲ ਵਿਚ ਚਲੇ ਗਏ ਸਨ।

ਜੋਰਾਮਥੰਗਾ ਨੇ ਕਿਹਾ ਕਿ ਆਤਮ ਕਥਾ ਵਿਚ ਇਸ ਵੀ ਜ਼ਿਕਰ ਹੈ ਕਿ ਅਸੀਂ ਰੰਗੂਨ (ਮਿਆਂਮਾਰ) ਰਾਹੀਂ ਪੂਰਬੀ ਪਾਕਿਸਤਾਨ ਤੋਂ ਜੇਮਸ ਬਾਂਡ ਵਾਂਗੂੰ ਬਚ ਕੇ ਨਿਕਲੇ ਅਤੇ ਅਰਾਕਾਨ ਜੰਗਲ ਵਿਚ ਕਈ ਦਿਨ ਚੱਲਦੇ ਰਹੇ। ਅਸੀਂ ਭੁੱਟੋ ਨੂੰ ਕਿਵੇਂ ਮਿਲੇ ਅਤੇ ਵਿਦੇਸ਼ੀ ਧਰਤੀ ਤੋਂ ਭਾਰਤ ਨਾਲ ਸ਼ਾਂਤੀ ਵਾਰਤਾ ਕਿਵੇਂ ਸ਼ੁਰੂ ਕੀਤੀ। ਉਨ੍ਹਾਂ ਨੇ ਦੱਸਿਆ ਕਿ ਕਿਤਾਬ ਵਿਚ ਉਨ੍ਹਾਂ ਦੇ ਅਤੇ ਐੱਮ ਐੱਨ ਐੱਫ ਬਾਗੀਆਂ ਦੇ ਚੀਨ ਜਾਣ ਤੇ ਉਥੋਂ ਦੇ ਪ੍ਰਧਾਨ ਮੰਤਰੀ ਚੂ ਐੱਨ ਲਾਈ, ਮਾਓ ਜ਼ੇ ਤੁੰਗ, ਲਿਨ ਪਿਆਓ ਅਤੇ ਚਿਆਂਗ ਚਿੰਗ ਸਮੇਤ ਕਈ ਆਗੂਆਂ ਨਾਲ ਮਿਲਣ ਦਾ ਜ਼ਿਕਰ ਹੈ।

# ਕੇਂਦਰੀ ਮੰਤਰੀ ਅਠਾਵਲੇ ਨੂੰ ਭਰੀ ਸਭਾ ਵਿੱਚ ਨੌਜਵਾਨ ਨੇ ਥੱਪੜ ਮਾਰਿਆ



ਨਵੀਂ ਦਿੱਲੀ, 9 ਦਸੰਬਰ (ਪੋਸਟ ਬਿਊਰੋ)- ਭਾਰਤ ਦੇ ਕੇਂਦਰੀ ਮੰਤਰੀ ਤੇ ਰਿਪਬਲਿਕਨ ਪਾਰਟੀ ਆਫ ਇੰਡੀਆ (ਆਰ ਪੀ ਆਈ) ਦੇ ਪ੍ਰਧਾਨ ਰਾਮਦਾਸ ਅਠਾਵਲੇ ਨਾਲ ਕੁੱਟਮਾਰ ਕੀਤੀ ਗਈ ਹੈ। ਮੁੰਬਈ ਕੋਲ ਠਾਣੇ ਜ਼ਿਲੇ ਦੇ ਅੰਬਰਨਾਥ ਵਿੱਚ ਇੱਕ ਪ੍ਰੋਗਰਾਮ ਵਿੱਚ ਪੁਲਸ ਦੀ ਹਾਜ਼ਰੀ ਵਿੱਚ ਉਨ੍ਹਾਂ ਨੂੰ ਇੱਕ ਨੌਜਵਾਨ ਨੇ ਥੱਪੜ ਮਾਰਿਆ ਹੈ। ਥੱਪੜ ਮਾਰਨ ਪਰਵੀਨ ਗੋਸਾਵੀਂ ਨਾਂਅ ਦੇ ਵਿਅਕਤੀ ਨੂੰ ਅਠਾਵਲੇ ਸਮਰਥਕਾਂ ਨੇ ਫੜ ਲਿਆ ਤੇ ਉਸ ਦਾ ਖੂਬ ਕੁਟਾਪਾ ਚਾੜ੍ਹਿਆ।

ਮਿਲੀ ਜਾਣਕਾਰੀ ਮੁਤਾਬਕ ਰਾਮਦਾਸ ਅਠਾਵਲੇ ਅੰਬਰਨਾਥ ਇੱਕ ਪ੍ਰੋਗਰਾਮ ਵਿੱਚ ਹਿੱਸਾ ਲੈਣ ਗਏ ਸਨ। ਜਦੋਂ ਉਹ ਪ੍ਰੋਗਰਾਮ ਦੀ ਸਟੇਜ ਤੋਂ ਉਤਰ ਰਹੇ ਸਨ ਤਾਂ ਇੱਕ ਵਿਅਕਤੀ ਨੇ ਉਨ੍ਹਾਂ ਦੇ ਕੰਨ ਕੋਲ ਜ਼ੋਰਦਾਰ ਥੱਪੜ ਮਾਰ ਦਿੱਤਾ। ਫਿਰ ਜਦੋਂ ਉਹ ਵਿਅਕਤੀ ਦੌੜਨ ਲੱਗਾ ਤਾਂ ਅਠਾਵਲੇ ਦੇ ਸਮਰਥਕਾਂ ਨੇ ਉਸ ਨੂੰ ਫੜ ਲਿਆ ਤੇ ਉਸ ਦੀ ਕੁੱਟਮਾਰ ਕੀਤੀ, ਜਿਸ ਦੀ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਰਹੀ ਹੈ। ਵਰਨਣ ਯੋਗ ਹੈ ਕਿ ਮਰਾਠਾ ਰਿਜ਼ਰਵੇਸ਼ਨ 'ਤੇ ਰਾਮਦਾਸ ਅਠਾਵਲੇ ਨੇ ਕਿਹਾ ਸੀ ਕਿ ਮਰਾਠਾ ਸਮਾਜ ਨੂੰ ਦਿੱਤੀ ਗਈ ਰਿਜ਼ਰਵੇਸ਼ਨ ਅਦਾਲਤ ਵਿੱਚ ਨਹੀਂ ਟਿਕੇਗੀ। ਉਹ ਚਾਹੁੰਦੇ ਹਨ ਕਿ ਮਰਾਠਾ ਸਮਾਜ ਨੂੰ ਰਿਜ਼ਰਵੇਸ਼ਨ ਦਿੱਤੀ ਜਾਵੇ, ਪਰ ਸੂਬਾ ਸਰਕਾਰ ਨੇ ਜਿਸ ਤਰ੍ਹਾਂ ਰਿਜ਼ਰਵੇਸ਼ਨ ਦਿੱਤੀ ਹੈ, ਉਹ ਕਾਨੂੰਨ ਨਹੀਂ ਹੈ। ਅਠਾਵਲੇ 'ਤੇ ਹੋਇਆ ਹਮਲਾ ਉਨ੍ਹਾਂ ਦੇ ਇਸ ਬਿਆਨ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ।

ਵਿਸ਼ੇਸ਼ ਜੱਜ ਵੱਲੋਂ ਵਕੀਲ ਨੂੰ ਝਾੜ

# ਕੋਰਟ ਦੇ ਫੈਸਲੇ ਲੰਚ ਰੂਮ, ਕੌਫ਼ੀ ਸ਼ਾਪ ਦੀਆਂ ਗੱਲਾਂ ਨਾਲ ਪ੍ਰਭਾਵਤ ਨਹੀਂ ਹੁੰਦੇ



ਨਵੀਂ ਦਿੱਲੀ, 9 ਦਸੰਬਰ (ਪੋਸਟ ਬਿਊਰੋ)- ਮਨਮੋਹਨ ਸਿੰਘ ਸਰਕਾਰ ਦੇ ਵਕਤ ਹੋਏ ਕੋਲਾ ਬਲਾਕ ਅਲਾਟਮੈਂਟ ਕੇਸ ਦੀ ਸੁਣਵਾਈ ਕਰ ਰਹੀ ਵਿਸ਼ੇਸ਼ ਅਦਾਲਤ ਨੇ ਕਿਹਾ ਕਿ ਵਕੀਲਾਂ ਤੇ ਜੱਜਾਂ ਦੀ ਲੰਚ ਰੂਮ ਜਾਂ ਕੌਫੀ ਸ਼ਾਪ ਵਿਚ ਹੋਈ ਗੱਲਬਾਤ ਨਾਲ ਅਦਾਲਤੀ ਕਾਰਵਾਈ ਜਾਂ ਫ਼ੈਸਲੇ ਕਿਸੇ ਵੀ ਤਰ੍ਹਾਂ ਪ੍ਰਭਾਵਿਤ ਨਹੀਂ ਹੋਇਆ ਕਰਦੇ।

ਵਿਸ਼ੇਸ਼ ਜੱਜ ਭਰਤ ਪਰਾਸ਼ਰ ਨੇ ਦੋ ਸਾਬਕਾ ਕੋਲਾ ਅਫਸਰਾਂ ਦੇ ਵਕੀਲ ਰਾਹੁਲ ਤਿਆਗੀ ਦੀ ਦਲੀਲ ਉੱਤੇ ਕਿਹਾ ਕਿ ਮੈਂ ਵਕੀਲ ਨੂੰ ਯਾਦ ਦਿਵਾਉਣਾ ਚਾਹਾਂਗਾ ਕਿ ਕੌਫੀ ਸ਼ਾਪ ਜਾਂ ਲੰਚ ਰੂਮ ਵਿਚ ਜੱਜਾਂ ਬਾਰੇ ਵਕੀਲਾਂ ਦੀਆਂ ਗੱਲਾਂ ਨਾਲ ਕਿਸੇ ਵੀ ਅਦਾਲਤ ਦੀ ਕਾਰਵਾਈ ਜਾਂ ਕੋਈ ਅਦਾਲਤੀ ਫ਼ੈਸਲਾ ਪ੍ਰਭਾਵਤ ਨਹੀਂ ਹੁੰਦਾ। ਇਸ ਤੋਂ ਪਹਿਲਾਂ ਬਚਾਅ ਪੱਖ ਦੇ ਵਕੀਲ ਰਾਹੁਲ ਤਿਆਗੀ ਨੇ ਅਦਾਲਤ ਵਿਚ ਕਿਹਾ ਸੀ ਕਿ ‘ਬਾਰ’ ਵਿਚ ਚਰਚਾ ਹੈ ਕਿ ਅਦਾਲਤ ਨੇ ਜਿਨ੍ਹਾਂ ਲੋਕਾਂ ਨੂੰ ਦੋਸ਼ੀ ਮੰਨ ਕੇ ਜੇਲ੍ਹ ਭੇਜਿਆ, ਉਨ੍ਹਾਂ ਨੂੰ ਸੁਣਵਾਈ ਵੇਲੇ ਕੇਵਲ ਉਨ੍ਹਾਂ ਦੇ ਵਿਹਾਰ ਦੇ ਆਧਾਰ ’ਤੇ ਭੇਜ ਦਿੱਤਾ ਹੈ।

ਵਰਨਣ ਯੋਗ ਹੈ ਕਿ ਪੰਜ ਦਸੰਬਰ ਨੂੰ ਆਪਣੇ ਫ਼ੈਸਲੇ ਵਿਚ ਵਿਸ਼ੇਸ਼ ਜੱਜ ਨੇ ਸਾਬਕਾ ਕੋਲਾ ਸਕੱਤਰ ਐੱਚ ਸੀ ਗੁਪਤਾ ਅਤੇ ਦੋ ਸਾਬਕਾ ਅਫਸਰਾਂ ਕੇ ਐੱਸ ਯੋਫਾ ਅਤੇ ਕੇ ਸੀ ਸਮਰੀਆ ਨੂੰ ਦੋਸ਼ੀ ਮੰਨ ਕੇ ਤਿੰਨ ਸਾਲ ਦੀ ਸਜ਼ਾ ਸੁਣਾਈ ਸੀ। ਉਨ੍ਹਾਂ ਨੂੰ ਪੱਛਮੀ ਬੰਗਾਲ ਦੇ ਮੋਈਰਾ-ਮਧੂਜੋਰ ਕੋਲਾ ਬਲਾਕ ਨੂੰ ਵਿਕਾਸ ਮੈਟਲ ਐਂਡ ਪਾਵਰ ਲਿਮਟਿਡ (ਵੀ ਐੱਮ ਪੀ ਐੱਲ) ਨੂੰ ਅਲਾਟ ਕਰਨ ਦਾ ਦੋਸ਼ੀ ਮੰਨਿਆ ਗਿਆ ਸੀ। ਇਨ੍ਹਾਂ ਦੇ ਵਕੀਲ ਰਾਹੁਲ ਤਿਆਗੀ ਨੇ ਸਜ਼ਾ ਤੈਅ ਕੀਤੇ ਜਾਣ ਦੀ ਬਹਿਸ ਦੌਰਾਨ ਕਿਹਾਸੀ ਕਿ ਉਹ ਯੋਫਾ ਅਤੇ ਸਮਰੀਆ ਦੇ ਵਕੀਲ ਨਹੀਂ ਰਹਿਣ-ਗੇ, ਕਿਉਂਕਿ ਉਨ੍ਹਾਂ ਨੂੰ ਨਿਰਦੋਸ਼ ਹੋਣ ਦੇ ਬਾਵਜੂਦ ਦੋਸ਼ੀ ਕਰਾਰ ਦਿੱਤਾ ਗਿਆ ਹੈ। ਇਸ ਉੱਤੇ ਅਦਾਲਤ ਨੇ ਕਿਹਾ ਕਿ ਵਕੀਲ ਦਾ ਇਹ ਬਿਆਨ ਠੀਕ ਨਹੀਂ ਹੈ।

# ਸੁਪਰੀਮ ਕੋਰਟ ਨੇ ਯੂਨੀਟੈਕ ਦੇ ਫੋਰੈਂਸਿਕ ਆਡਿਟ ਦਾ ਹੁਕਮ ਦੇ ਦਿੱਤਾ

ਨਵੀਂ ਦਿੱਲੀ, 9 ਦਸੰਬਰ (ਪੋਸਟ ਬਿਊਰੋ)- ਹਜ਼ਾਰਾਂ ਖਰੀਦਦਾਰਾਂ ਨੂੰ ਫਲੈਟ ਦੇਣ ਤੋਂ ਨਾਕਾਮ ਰੀਅਲ ਅਸਟੇਟ ਕੰਪਨੀ ਯੂਨੀਟੈਕ ਲਿਮਟਿਡ ਦਾ ਫੋਰੈਂਸਿਕ ਆਡਿਟ ਕਰਾਉਣ ਲਈ ਸੁਪਰੀਮ ਕੋਰਟ ਨੇ ਹੁਕਮ ਦਿੱਤਾ ਹੈ।

ਜਸਟਿਸ ਡੀ ਵਾਈ ਚੰਦਰਚੂੜ ਦੀ ਅਗਵਾਈ ਵਾਲੀ ਬੈਂਚ ਨੇ ਕੱਲ੍ਹ ਅਕਾਊਂਟਿੰਗ ਫਰਮ ਗ੍ਰਾਂਟ ਥਾਰਨਟਨ ਤੋਂ ਯੂਨੀਟੈਕ ਅਤੇ ਇਸ ਦੀਆਂ ਸਾਰੀਆਂ ਸਹਿਯੋਗੀ ਕੰਪਨੀਆਂ ਦਾ ਜਨਵਰੀ 2006 ਤੋਂ ਆਡਿਟ ਕਰਾਉਣ ਲਈ ਕਿਹਾ ਹੈ। ਅਦਾਲਤ ਨੇ ਗਰਾਂਟ ਥਾਰਨਟਨ ਨੂੰ 14 ਦਸੰਬਰ ਤੱਕ ਮੁੱਢਲੀ ਰਿਪੋਰਟ ਦੇਣ ਲਈ ਕਿਹਾ ਹੈ। ਇਸ ਤੋਂ ਪਹਿਲਾਂ ਪੰਜ ਜੁਲਾਈ ਨੂੰ ਸੁਪਰੀਮ ਕੋਰਟ ਨੇ ਜਸਟਿਸ ਐੱਸ ਐੱਨ ਢੀਂਗਰਾ ਦੀ ਅਗਵਾਈ ਵਾਲੇ ਪੈਨਲ ਨੂੰ ਯੂਨੀਟੈਕ ਦੀਆਂ ਆਗਰਾ ਅਤੇ ਵਾਰਾਣਸੀ ਦੀਆਂ ਜਾਇਦਾਦਾਂ ਦੀ ਨੀਲਾਮੀ ਪ੍ਰਕਿਰਿਆ ਸ਼ੁਰੂ ਕਰਨ ਨੂੰ ਕਿਹਾ ਸੀ। ਜੋ ਖਰੀਦਦਾਰ ਫਲੈਟ ਨਹੀਂ ਲੈਣਾ ਚਾਹੁੰਦੇ ਹਨ, ਉਨ੍ਹਾਂ ਦੇ ਪੈਸੇ ਵਾਪਸ ਕਰਨ ਲਈ ਅਦਾਲਤ ਨੇ ਇਸ ਦੀ ਸ਼੍ਰੀਪੇਰੰਦੂਬਰ (ਤਾਮਿਲ ਨਾਡੂ) ਦੀ ਇੱਕ ਜਾਇਦਾਦ ਨੀਲਾਮ ਕਰਨ ਦਾ ਵੀ ਹੁਕਮ ਦਿੱਤਾ ਹੈ। ਯੂਨੀਟੈਕ ਦੀ 600 ਏਕੜ ਤੋਂ ਵੱਧ ਜ਼ਮੀਨ ਦੀ ਨੀਲਾਮੀ ਦੇ ਲਈ ਸੁਪਰੀਮ ਕੋਰਟ ਨੇ ਤਿੰਨ ਮੈਂਬਰਾਂ ਦੀ ਇੱਕ ਕਮੇਟੀ ਬਣਾਈ ਗਈ ਹੈ। ਦਿੱਲੀ ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ ਧੀਂਗਰਾ ਇਸ ਦੇ ਮੁਖੀ ਹਨ।

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR
IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424

• Insurance •
Punjab Insurance Inc
- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA

Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

ਸ਼੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ

ਦਸਵੀਂ ਪਾਤਿਸਾਹੀ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼੍ਰੀ ਮਾਛੀਵਾੜਾ ਸਾਹਿਬ ਦੀ ਧਰਤੀ’ਤੇ ਪਹੁੰਚਣ ਤੇ ਉਹਨਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਅਤੇ ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ਜੀ ਅਤੇ ਸਭਾ ਵਿੱਚ ਸ਼ਹੀਦ ਹੋਏ ਸਾਰੇ ਸਿੰਘਾਂ ਤੇ ਸਿੰਘਣੀਆਂ ਨੂੰ ਸਮਰਪਿਤ ਪਿਛਲੇ ਸਾਲਾਂ ਦੀ ਤਰ੍ਹਾਂ ਸ਼੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਮਾਲਟਨ ਗੁਰੂ ਘਰ ਵਿਖੇ ਮਿਤੀ 23 ਦਸੰਬਰ ਦਿਨ ਐਤਵਾਰ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਹਨਾਂ ਦੇ ਭੋਗ 25 ਦਸੰਬਰ ਦਿਨ ਮੰਗਲਵਾਰ ਨੂੰ ਮੇਨ ਹਾਲ ਵਿੱਚ ਪਾਏ ਜਾਣਗੇ। ਕਿਰਪਾ ਕਰਕੇ ਸਭ ਸੰਗਤਾਂ ਨੂੰ ਬੇਨਤੀ ਹੈ ਕਿ ਤਿੰਨ ਦਿਨ ਗੁਰੂ ਘਰ ਦੀਆਂ ਹਾਜਰੀਆਂ ਭਰ ਕੇ ਆਪਣਾ ਜੀਵਨ ਸਫਲਾ ਕਰੋ ਜੀ।

ਹੋਰ ਜਾਣਕਾਰੀ ਲਈ ਗੁਰਪ੍ਰੀਤ ਸਿੰਘ ਗੜ੍ਹੀ- 647-207-1887, ਸਤਪਾਲ ਸਿੰਘ ਗਰੇਵਾਲ ਨੂੰ 519-405-0075, ਜਸਵੰਤ ਸਿੰਘ ਰਜੂਲ 647-856-9612, ਉਜਾਗਰ ਸਿੰਘ ਗਿੱਲ 647-203-4090, ਕਾਕਾ ਸਿੰਘ ਤੱਖਰਾ 905-458-6446,ਅਜੀਤ ਸਿੰਘ ਉੂਰਨਾ 647-308-0360, ਇੰਦਰਜੀਤ ਸਿੰਘ ਗਿੱਲ 416-918-9459 ਨੂੰ ਸੰਪਰਕ ਕਰੋ ਜੀ।

BANKRUPTCY, PROPOSAL, R9.........
no problem!
we will fix your credit
TNG SUNRISE SERVICES INC.
Tarun Genda(Kumar)
Tel:905-781-5292
Cell: 416-305-1290
PROVIDE:
Mortgage, Refinancing, 1st, 2nd, 3rd, Mortgage.
Residential Variable & Fixed Rates,
Personal loans & Line of Credit
Private Funding on Car, Gold & Property
CREDIT REPAIR:
Fix your Credit, Bankruptcy, Proposal, Collections, R-9 and Late payments.
CREDIT CONSULTING:
We do Settlement, Filling Bankruptcy & Proposals
ACCOUNTING:
Tax File get Maximum refund for personal & Bussiness
email: tngservices1@hotmail.com
Golden gate plaza
100 Pertosa Drive, Suite 211
Brampton, ON. L6X 0H9



# ਭਾਰਤੀਆਂ ਨੇ ਵਿਦੇਸ਼ਾਂ ਵਿੱਚੋਂ ਅੱਸੀ ਅਰਬ ਡਾਲਰ ਦੇਸ਼ ਵੱਲ ਭੇਜੇ



ਵਾਸ਼ਿੰਗਟਨ, 9 ਦਸੰਬਰ (ਪੋਸਟ ਬਿਊਰੋ)- ਇਸ ਸਾਲ ਵਿਦੇਸ਼ ਤੋਂ ਪੈਸਾ ਪ੍ਰਾਪਤ ਕਰਨ ਵਾਲੇ ਦੇਸ਼ਾਂ ਵਿੱਚ ਭਾਰਤ ਚੋਟੀ 'ਤੇ ਰਿਹਾ ਹੈ। ਸਾਲ 2018 ਵਿੱਚ ਪਰਵਾਸੀ ਭਾਰਤੀਆਂ ਨੇ ਅੱਸੀ ਅਰਬ ਡਾਲਰ ਭਾਰਤ ਵਿੱਚ ਭੇਜ ਹਨ।

ਵਿਸ਼ਵ ਬੈਂਕ ਨੇ ਸ਼ਨੀਵਾਰ ਨੂੰ ਜਾਰੀ ਆਪਣੀ ਰਿਪੋਰਟ ਵਿੱਚ ਦੱਸਿਆ ਕਿ ਇਸ ਕੰਮ ਵਿੱਚ ਭਾਰਤ ਮਗਰੋਂ ਚੀਨ (67 ਅਰਬ ਡਾਲਰ), ਮੈਕਸੀਕੋ (34 ਅਰਬ ਡਾਲਰ), ਫਿਲਪੀਨ (34 ਅਰਬ ਡਾਲਰ) ਤੇ ਮਿਸਰ (26 ਅਰਬ ਡਾਲਰ) ਦਾ ਸਥਾਨ ਆਉਂਦਾ ਹੈ। ਬੈਂਕ ਨੇ ਇਸ ਅਨੁਮਾਨ ਵਿੱਚ ਕਿਹਾ ਹੈ ਕਿ ਵਿਕਾਸਸ਼ੀਲ ਦੇਸ਼ਾਂ ਨੂੰ ਅਧਿਕਾਰਕ ਰੂਪ ਤੋਂ ਭੇਜਿਆ ਗਿਆ ਧਨ 2018 ਵਿੱਚ 10.8 ਫੀਸਦੀ ਵੱਧ ਕੇ 528 ਅਰਬ ਡਾਲਰ ਦੇ ਰਿਕਾਰਡ ਪੱਧਰ 'ਤੇ ਪੁੱਜ ਗਿਆ ਹੈ। ਪਿਛਲੇ ਸਾਲ ਇਸ ਵਿੱਚ 7.8 ਫੀਸਦੀ ਵਾਧਾ ਦਰਜ ਕੀਤਾ ਗਿਆ ਸੀ। ਦੁਨੀਆ ਭਰ ਦੇ ਦੇਸ਼ਾਂ ਨੂੰ ਭੇਜਿਆ ਜਾਣ ਵਾਲਾ ਧਨ ਇਸ ਦੌਰਾਨ 10.3 ਫੀਸਦੀ ਵੱਧ ਕੇ 689 ਅਰਬ ਡਾਲਰ ਹੋਣ ਦੀ ਆਸ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪਿਛਲੇ ਤਿੰਨ ਸਾਲਾਂ ਵਿੱਚ ਵਿਦੇਸ਼ ਤੋਂ ਭਾਰਤ ਨੂੰ ਭੇਜੇ ਗਏ ਧਨ ਵਿੱਚ ਮਹੱਤਵ ਪੂਰਨ ਵਾਧਾ ਹੋਇਆ ਹੈ। 2016 ਵਿੱਚ ਇਹ 62.7 ਅਰਬ ਡਾਲਰ ਸੀ। 2017 ਵਿੱਚ ਇਹ ਵੱਧ ਕੇ 65.3 ਅਰਬ ਡਾਲਰ ਹੋ ਗਿਆ। 2017 ਵਿੱਚ ਵਿਦੇਸ਼ ਤੋਂ ਭੇਜੇ ਗਏ ਧਨ ਦੀ ਜੀ ਡੀ ਪੀ ਵਿੱਚ 2.7 ਫੀਸਦੀ ਹਿੱਸੇਦਾਰੀ ਸੀ। ਬੈਂਕ ਨੇ ਕਿਹਾ ਹੈ ਕਿ ਬੰਗਲਾ ਦੇਸ਼ ਤੇ ਪਾਕਿ ਵਿੱਚ ਉਨ੍ਹਾਂ ਦੇ ਪਰਵਾਸੀ ਨਾਗਰਿਕਾਂ ਵੱਲੋਂ ਭੇਜੇ ਜਾਣ ਵਾਲੇ ਧਨ ਵਿੱਚ 17.9 ਅਤੇ 6.2 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਵਿਸ਼ਵ ਬੈਂਕ ਨੇ ਕਿਹਾ ਹੈ ਕਿ ਵਿਕਸਿਤ ਦੇਸ਼ਾਂ ਖਾਸ ਕਰ ਕੇ ਅਮਰੀਕਾ ਵਿੱਚ ਆਰਥਿਕ ਪ੍ਰਸਥਿਤੀਆਂ ਵਿੱਚ ਮਜ਼ਬੂਤੀ ਅਤੇ ਤੇਲ ਦੀਆਂ ਕੀਮਤਾਂ ਵਿੱਚ ਵਾਧੇ ਦਾ ਸੰਯੁਕਤ ਅਰਬ ਅਮੀਰਾਤ ਵਰਗੇ ਜੀ ਸੀ ਸੀ ਦੇਸ਼ਾਂ ਤੋਂ ਨਿਕਾਸੀ 'ਤੇ ਸਕਾਰਾਤਮਕ ਪ੍ਰਭਾਵ ਨਾਲ ਧਨ ਲੈਣ-ਦੇਣ ਵਿੱਚ ਵਾਧਾ ਹੋਇਆ ਹੈ।

# ਇਮਰਾਨ ਖਾਨ ਨੇ ਮੁੰਬਈ ਦਹਿਸ਼ਤਗਰਦ ਹਮਲੇ ਵਿੱਚ ਲਸ਼ਕਰ ਦਾ ਹੱਥ ਹੋਣਾ ਮੰਨਿਆ



ਲਾਹੌਰ, 9 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਮੰਨ ਲਿਆ ਹੈ ਕਿ 26/11 ਦੇ ਮੁੰਬਈ ਦਹਿਸ਼ਤਗਰਦ ਹਮਲੇ ਵਿੱਚ ਲਸ਼ਕਰ ਏ ਤੋਇਬਾ ਦਾ ਹੱਥ ਸੀ। ਉਨ੍ਹਾਂ ਤੋਂ ਪਹਿਲਾਂ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਅਤੇ ਰਾਸ਼ਟਰਪਤੀ ਪ੍ਰਵੇਜ਼ ਮੁਸ਼ੱਰਫ ਸਮੇਤ ਕਈ ਨਾਮੀ ਰਾਜਨੀਤਕ ਆਗੂ ਜਨਤਕ ਤੌਰ 'ਤੇ ਇਹ ਮੰਨ ਚੁੱਕੇ ਹਨ ਕਿ ਮੁੰਬਈ ਹਮਲਿਆਂ ਵਿੱਚ ਸਿੱਧੇ ਤੌਰ 'ਤੇ ਪਾਕਿਸਤਾਨੀ ਅੱਤਵਾਦੀ ਸੰਗਠਨ ਲਸ਼ਕਰ ਦਾ ਹੱਥ ਸੀ ਅਤੇ ਇਸ ਕਾਰਵਾਈ ਵਿੱਚ ਪਾਕਿਸਤਾਨੀ ਫੌਜ ਦੇ ਅਧਿਕਾਰੀਆਂ ਅਤੇ ਖੁਫੀਆ ਏਜੰਸੀ ਆਈ ਐਸ ਆਈ ਵੱਲੋਂ ਉਨ੍ਹਾਂ ਨੂੰ ਪੂਰਾ ਸਹਿਯੋਗ ਦਿੱਤਾ ਗਿਆ ਸੀ। ਹਾਲੇ ਇਮਰਾਨ ਖਾਨ ਨੇ ਪਹਿਲੀ ਵਾਰ ਇਹ ਸਭ ਵਿਦੇਸ਼ੀ ਮੀਡੀਆ 'ਵਾਸ਼ਿੰਗਟਨ ਪੋਸਟ' ਨੂੰ ਦਿੱਤੀ ਇੱਕ ਇੰਟਰਵਿਊ 'ਚ ਕਬੂਲ ਕੀਤਾ ਹੈ।

ਇਮਰਾਨ ਖਾਨ ਨੇ ਇਹ ਗੱਲ ਮੁੰਬਈ ਹਮਲਿਆਂ ਵਿੱਚ ਭਾਰਤ ਨੂੰ ਲੋੜੀਂਦੇ ਦਹਿਸ਼ਤਗਰਦ ਤੇ ਲਸ਼ਕਰ ਏ ਤੋਇਬਾ ਦੇ ਮੁਖੀ ਜ਼ਕੀਉਰ ਰਹਿਮਾਨ ਲਖਵੀ ਨੂੰ ਜੇਲ੍ਹ ਤੋਂ ਛੱਡਣ ਦੇ ਸੰਬੰਧ ਵਿੱਚ ਪੁੱਛੇ ਸਵਾਲਾਂ ਦਾ ਜਵਾਬ ਦਿੰਦਿਆਂ ਕਹੀ। ਉਨ੍ਹਾਂ ਕਿਹਾ ਕਿ ਉਹ ਖੁਦ ਚਾਹੁੰਦੇ ਹਨ ਕਿ ਮੁੰਬਈ ਹਮਲਿਆਂ ਦੇ ਦੋਸ਼ੀਆਂ ਵਿਰੁੱਧ ਕਾਰਵਾਈ ਕੀਤੀ ਜਾਵੇ, ਪਰ ਇਸ ਦੇ ਨਾਲ ਹੀ ਉਨ੍ਹਾਂ ਪਾਕਿਸਤਾਨ 'ਤੇ ਲਗਾਏ ਜਾਣ ਵਾਲੇ ਉਸ ਦੋਸ਼ ਦਾ ਖੰਡਨ ਕੀਤਾ ਜਿਸ ਵਿੱਚ ਕਿਹਾ ਗਿਆ ਹੈ ਕਿ ਉਕਤ ਹਮਲੇ ਵਿੱਚ ਸਿੱਧੇ ਤੌਰ 'ਤੇ ਪਾਕਿਸਤਾਨ ਦਾ ਹੱਥ ਸੀ। ਪਾਕਿ-ਸਤਾਨ ਦੇ ਤਾਲਿਬਾਨ ਨੇਤਾਵਾਂ ਦੀ ਠਾਹਰ ਹੋਣ ਬਾਰੇ ਪੁੱਛੇ ਸਵਾਲਾਂ ਨੂੰ ਵੀ ਇਮਰਾਨ ਖਾਨ ਨੇ ਬੇਬੁਨਿਆਦ ਦੱਸਿਆ ਤੇ ਕਿਹਾ ਕਿ ਉਨ੍ਹਾਂ ਨੇ ਸੱਤਾ ਵਿੱਚ ਆਉਣ ਤੋਂ ਬਾਅਦ ਫੌਜ ਦੇ ਅਧਿਕਾਰੀਆਂ ਨਾਲ ਕਈ ਬੈਠਕਾਂ ਕੀਤੀਆਂ ਹਨ ਅਤੇ ਇਸ ਦੋਸ਼ ਦੀ ਪੂਰੀ ਜਾਂਚ ਸਮੀਖਿਆ ਕਰਵਾਈ ਗਈ ਹੈ। ਇਸ ਬਾਰੇ ਇਮਰਾਨ ਖਾਨ ਨੇ ਦਾਅਵੇ ਨਾਲ ਕਿਹਾ ਕਿ ਜੇ ਕੋਈ ਉਨ੍ਹਾਂ ਨੂੰ ਤਾਲਿਬਾਨ ਨੇਤਾਵਾਂ ਦੇ ਸ਼ਰਨ ਲੈਣ ਵਾਲੇ ਸਥਾਨ ਬਾਰੇ ਦੱਸੇ ਤਾਂ ਉਹ ਉਸ ਦੇ ਨਾਲ ਉਥੇ ਜਾਣ ਲਈ ਤਿਆਰ ਹਨ।

ਅਮਰੀਕਾ-ਪਾਕਿਸਤਾਨ ਦੇ ਵਿਗੜਦੇ ਰਿਸ਼ਤਿਆਂ ਬਾਰੇ ਪੁੱਛੇ ਜਾਣ ਉਤੇ ਉਨ੍ਹਾਂ ਨੇ ਕਿਹਾ ਕਿ ਉਹ ਉਨ੍ਹਾਂ ਦੇਸ਼ਾਂ ਦੇ ਨਾਲ ਕਦੇ ਵੀ ਰਿਸ਼ਤੇ ਨਹੀਂ ਰੱਖਣਾ ਚਾਹੁਣਗੇ, ਜੋ ਪਾਕਿਸਤਾਨ ਨੂੰ ਬੰਦੂਕ ਦੀ ਤਰ੍ਹਾਂ ਵਰਤਣ ਬਾਰੇ ਸੋਚਦੇ ਹੋਣ ਜਾਂ ਸਾਨੂੰ ਦੂਸਰਿਆਂ ਦੀ ਲੜਾਈ ਲੜਨ ਲਈ ਧਨ ਦਾ ਲਾਲਚ ਦੇਣ।

ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਵੱਲੋਂ ਅੰਤਰਰਾਸ਼ਟਰੀ ਮੀਡੀਆ ਕੋਲ ਇਹ ਮੰਨਣ ਕਿ ਜ਼ਕੀ ਉਰ ਰਹਿਮਾਨ ਲਖਵੀ ਦੀ ਅਗਵਾਈ ਵਾਲੇ ਪਾਬੰਦੀਸ਼ੁਦਾ ਅੱਤਵਾਦੀ ਸੰਗਠਨ ਲਸ਼ਕਰ ਏ ਤੋਇਬਾ ਨੇ ਨਵੰਬਰ 2008 ਵਿੱਚ ਮੁੰਬਈ ਹਮਲੇ ਕੀਤੇ ਸਨ, ਬਾਰੇ ਪ੍ਰਤੀਕਿਰਿਆ ਦੇਂਦਿਆਂ ਭਾਰਤੀ ਫੌਜ ਦੇ ਮੁਖੀ ਬਿਪਨ ਰਾਵਤ ਨੇ ਕਿਹਾ ਕਿ ਸਾਨੂੰ ਪਤਾ ਹੈ ਕਿ ਇਹ ਕਾਰਾ ਕਿਸ ਨੇ ਕੀਤਾ ਹੈ। ਉਹ ਇਹ ਨਹੀਂ ਸੋਚਦੇ ਕਿ ਸਾਨੂੰ ਕਿਸੇ ਹੋਰ ਦੇ ਇਸ ਬਾਰੇ ਬਿਆਨ ਦੀ ਲੋੜ ਹੈ।

# ਇਟਲੀ ਦੇ ਨਾਈਟ ਕਲੱਬ ਵਿੱਚ ਭਾਜੜ ਮੱਚਣ ਨਾਲ ਛੇ ਮੌਤਾਂ



ਰੋਮ, 9 ਦਸੰਬਰ, (ਪੋਸਟ ਬਿਊਰੋ)- ਇਟਲੀ ਦੇ ਇਕ ਨਾਈਟ ਕਲੱਬ 'ਚ ਸ਼ਨਿਚਰਵਾਰ ਮੱਚੀ ਭਾਜੜ ਨਾਲ ਛੇ ਲੋਕਾਂ ਦੀ ਮੌਤ ਹੋ ਗਈ ਤੇ 35 ਜ਼ਖ਼ਮੀ ਹੋ ਗਏ। ਮ੍ਰਿਤਕਾਂ ਵਿੱਚ ਇਕ ਔਰਤ, ਦੋ ਲੜਕੇ ਤੇ ਤਿੰਨ ਲੜਕੀਆਂ ਹਨ।

ਮੀਡੀਆ ਦੇ ਮੁਤਾਬਕ ਐਂਕੋਨਾ ਸੂਬੇ ਦੇ ਕਾਰੀਨਾਲਡੋ ਸ਼ਹਿਰ 'ਚ ਬਲਿਊ ਲੈਂਟਰਨ ਨਾਈਟ ਕਲੱਬ ਵਿੱਚ ਇਟਲੀ ਦੇ ਮਸ਼ਹੂਰ ਰੈਪਰ ਸਫੇਰਾ ਏਬਾਸਤਾ ਦਾ ਕਨਸਰਟ ਸੀ। ਇਸ ਦਾ ਆਨੰਦ ਲੈਣ ਲਈ ਕਰੀਬ ਇਕ ਹਜ਼ਾਰ ਲੋਕ ਉਸ ਕਲੱਬ 'ਚ ਇਕੱਠੇ ਹੋਏ ਸਨ, ਜਿਨ੍ਹਾਂ 'ਚ ਜ਼ਿਆਦਾਤਰ ਨੌਜਵਾਨ ਸਨ। ਕਨਸਰਟ ਤੋਂ ਪਹਿਲਾਂ ਕਿਸੇ ਨੇ ਕਾਲੀ ਮਿਰਚ ਵਰਗਾ ਕੁਝ ਸਪਰੇ ਛਿੜਕ ਦਿੱਤਾ। ਇਸ ਦੀ ਬਦਬੂ ਨਾਲ ਹਫੜਾ ਤਫੜੀ ਮੱਚ ਗਈ ਤੇ ਲੋਕ ਨਾਈਟ ਕਲੱਬ ਦੇ ਐਮਰਜੈਂਸੀ ਦਰਵਾਜ਼ੇ ਵੱਲ ਭੱਜੇ, ਪਰ ਇਹ ਬੰਦ ਸੀ। ਹਫੜਾ ਤਫੜੀ ਵਿੱਚ ਕੁਝ ਲੋਕ ਡਿੱਗ ਕੇ ਹੋਰ ਲੋਕਾਂ ਦੇ ਪੈਰਾਂ ਹੇਠਾਂ ਕੁਚਲੇ ਗਏ।

ਵਰਨਣ ਯੋਗ ਹੈ ਕਿ 2017 ਵਿੱਚ ਤੁਰੀਨ 'ਚ ਚੈਂਪੀਅਨਸ ਲੀਗ ਫੁੱਟਬਾਲ ਦੇ ਫਾਈਨਲ ਮੈਚ ਦਾ ਪ੍ਰਸਾਰਨ ਦੇਖਣ ਜੁੜੇ ਲੋਕਾਂ 'ਚ ਬੰਬ ਦੀ ਅਫਵਾਹ ਨਾਲ ਇਸੇ ਤਰ੍ਹਾਂ ਭਾਜੜ ਮੱਚ ਗਈ ਸੀ। ਇਸ ਵਿਚ ਇਕ ਔਰਤ ਦੀ ਮੌਤ ਹੋ ਗਈ ਸੀ ਅਤੇ ਕਰੀਬ 1500 ਲੋਕ ਜ਼ਖ਼ਮੀ ਹੋ ਗਏ ਸਨ। ਇਸ ਮਾਮਲੇ 'ਚ ਅੱਠ ਸ਼ੱਕੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

# ਪਾਕਿਸਤਾਨ ਦੀ ਸਰਕਾਰ ਨੇ ਰਾਸ਼ਟਰਪਤੀ ਭਵਨ ਦੇ ਦਰਵਾਜ਼ੇ ਆਮ ਲੋਕਾਂ ਲਈ ਖੋਲ੍ਹੇ

ਇਸਲਾਮਾਬਾਦ, 9 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਸਰਕਾਰ ਨੇ ਸਖਤ ਸੁਰੱਖਿਆ ਵਾਲੇ ਸ਼ਾਨਦਾਰ ਰਾਸ਼ਟਰਪਤੀ ਭਵਨ ਨੂੰ ਆਮ ਜਨਤਾ ਲਈ ਖੋਲ੍ਹ ਦਿਤਾ ਹੈ। ਇਸ ਭਵਨ ਦਾ ਅਧਿਕਾਰਕ ਨਾਮ ਏਵਾਨ-ਏ-ਸਦਰ ਹੈ ਤੇ ਇਹ ਰਾਜਧਾਨੀ ਦੇ ਸਕਿਓਰਟੀ ਰੈਡ ਜ਼ੋਨ ਦੇ ਕਾਂਸਟੀਚਿਊਸ਼ਨ ਐਵੇਨਿਊ ਵਿੱਚ ਮਾਰਗੱਲਾ ਹਿਲਸ 'ਤੇ ਬਣਿਆ ਹੋਇਆ ਹੈ। ਰਾਸ਼ਟਰਪਤੀ ਭਵਨ ਆਧੁਨਿਕ ਪਿਰਾਮਿਡ ਸ਼ੈਲੀ ਨੂੰ ਦਰਸਾਉਂਦਾ ਹੈ। ਇਸ ਭਵਨ ਦੇ ਇਕ ਪਾਸੇ ਪ੍ਰਧਾਨ ਮੰਤਰੀ ਦੀ ਰਿਹਾਇਸ਼ ਅਤੇ ਦੂਸਰੇ ਪਾਸੇ ਇਸ ਦੇਸ਼ ਦਾ ਪਾਰਲੀਮੈਂਟ ਭਵਨ ਹੈ।

ਰਾਸ਼ਟਰਪਤੀ ਭਵਨ ਦੇ ਬੁਲਾਰੇ ਤਾਹਿਰ ਖ਼ੁਸ਼ਨੂਦ ਨੇ ਕਿਹਾ ਕਿ ਪਛਾਣ ਪੱਤਰ ਸਮੇਤ ਆਮ ਲੋਕਾਂ ਨੂੰ ਇਸ ਭਵਨ ਵਿਚ ਦਾਖਲੇ ਦੀ ਆਗਿਆ ਦਿਤੀ ਗਈ ਹੈ। ਇਮਰਾਨ ਖਾਨ ਦੀ ਤਹਿਰੀਕ-ਏ-ਇਨਸਾਫ ਪਾਰਟੀ ਨੇ ਚੋਣਾਂ ਦੌਰਾਨ ਸੱਤਾ ਵਿਚ ਆਉਣ ਉੱਤੇ ਦੇਸ਼ ਦੀਆਂ ਮੁਖ ਇਮਾਰਤਾਂ ਨੂੰ ਆਮ ਲੋਕਾਂ ਲਈ ਖੋਲ੍ਹਣ ਦਾ ਵਾਅਦਾ ਕੀਤਾ ਸੀ। ਉਸੇ ਵਾਅਦੇ ਅਧੀਨ ਇਹ ਫੈਸਲਾ ਲਿਆ ਗਿਆ। ਇਸ ਨੀਤੀ ਅਧੀਨ ਲਾਹੌਰ, ਕਰਾਚੀ ਅਤੇ ਪੇਸ਼ਾਵਰ ਵਿਚ ਗਵਰਨਰ ਹਾਊਸ ਨੂੰ ਆਮ ਲੋਕਾਂ ਲਈ ਖੋਲ੍ਹ ਦਿਤਾ ਗਿਆ ਸੀ। ਸਤੰਬਰ ਵਿਚ ਲਾਹੌਰ ਵਿਚ ਗਵਰਨਰ ਹਾਊਸ ਖੁਲ੍ਹਣ ਦੇ ਪਹਿਲੇ ਹੀ ਦਿਨ 4 ਹਜ਼ਾਰ ਲੋਕ ਇਸ ਨੂੰ ਦੇਖਣ ਆਏ ਸਨ। ਇਮਰਾਨ ਖਾਨ ਨੇ ਜਦੋਂ ਤੋਂ ਪ੍ਰਧਾਨ ਮੰਤਰੀ ਦਾ ਅਹੁਦ ਸੰਭਾਲਿਆ ਹੈ, ਉਦੋਂ ਤੋਂ ਉਹ ਅਜਿਹੇ ਫੈਸਲੇ ਲੈ ਰਹੇ ਹਨ, ਜਿਸ ਨਾਲ ਉਹ ਜਨਤਾ ਨੂੰ ਸੁਨੇਹਾ ਦੇ ਸਕਣ ਕਿ ਪਿਛਲੀਆਂ ਸਰਕਾਰਾਂ ਦੇ ਮੁਕਾਬਲੇ ਉਹ ਲੋਕਾਂ ਨਾਲ ਵੱਧ ਜੁੜੇ ਹੋਏ ਹਨ। ਇਨ੍ਹੀਂ ਦਿਨੀਂ ਪਾਕਿਸਤਾਨ ਗੰਭੀਰ ਆਰਥਿਕ ਸੰਕਟ ਨਾਲ ਜੂਝ ਰਿਹਾ ਹੈ। ਅਜਿਹੇ ਵਿਚ ਇਮਰਾਨ ਖਾਨ ਸਰਕਾਰ ਦੇ ਸਾਹਮਣੇ ਇਹ ਚੁਣੌਤੀ ਹੈ ਕਿ ਉਹ ਕਿਸੇ ਵੀ ਤਰ੍ਹਾਂ ਆਮ ਲੋਕਾਂ ਦੇ ਗੁੱਸੇ ਨੂੰ ਸ਼ਾਂਤ ਰੱਖ ਸਕਣ। ਮਾਹਿਰਾਂ ਦਾ ਕਹਿਣਾ ਹੈ ਕਿ ਇਮਰਾਨ ਇਸੇ ਕਾਰਨ ਲੋਕਾਂ ਨੂੰ ਪਸੰਦ ਆਉਣ ਵਾਲੇ ਫੈਸਲੇ ਲੈ ਰਹੇ ਹਨ।

# ਚੀਨ ਵਿੱਚ ਵੱਧ ਭੱਤਿਆਂ ਲਈ ਪ੍ਰਦਰਸ਼ਨ ਕਰਨ ਵਾਲੇ 10 ਸਾਬਕਾ ਫ਼ੌਜੀ ਗ੍ਰਿਫ਼ਤਾਰ



ਬੀਜਿੰਗ, 9 ਦਸੰਬਰ (ਪੋਸਟ ਬਿਊਰੋ)- ਚੀਨ ਵਿਚ ਦੋ ਮਹੀਨੇ ਪਹਿਲਾਂ ਸਰਕਾਰ ਦੇ ਖ਼ਿਲਾਫ਼ ਪ੍ਰਦਰਸ਼ਨ ਵਿਚ ਸ਼ਾਮਲ ਹੋ ਚੁੱਕੇ 10 ਸਾਬਕਾ ਫ਼ੌਜੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਹ ਪ੍ਰਦਰਸ਼ਨ ਸਾਬਕਾ ਫ਼ੌਜੀਆਂ ਨੇ ਪੈਨਸ਼ਨ ਅਤੇ ਸੇਵਾ ਮੁਕਤੀ ਨਾਲ ਜੁੜੇ ਹੋਰ ਲਾਭ ਨਾ ਮਿਲਣ ਤੋਂ ਪੈਦਾ ਹੋਏ ਵਿਵਾਦ ਕਾਰਨ ਕੀਤਾ ਸੀ।

ਸਰਕਾਰੀ ਚੈਨਲ ਦੀ ਰਿਪੋਰਟ ਦੇ ਮੁਤਾ-ਬਕ ਸ਼ੈਂਡੋਂਗ ਸੂਬੇ ਵਿਚ ਚਾਰ ਤੋਂ ਸੱਤ ਅਕਤੂਬਰ ਤਕ ਪ੍ਰਦਰਸ਼ਨ ਹੋਇਆ ਸੀ। ਇਸ ਵਿਚ ਚੀਨ ਦੇ ਅਲੱਗ-ਅਲੱਗ ਹਿੱਸਿਆਂ ਦੇ ਲਗਪਗ 300 ਸਾਬਕਾ ਫ਼ੌਜੀ ਸ਼ਾਮਲ ਹੋਏ ਸਨ। ਸਰਕਾਰ ਨੇ ਇਸ ਪ੍ਰਦਰਸ਼ਨ ਨੂੰ ਗ਼ੈਰ-ਕਾਨੂੰਨੀ ਕਰਾਰ ਦਿੱਤਾ ਸੀ। ਜਨ ਸੁਰੱਖਿਆ ਮੰਤਰਾਲੇ ਦੇ ਹਵਾਲੇ ਨਾਲ ਦੱਸਿਆ ਗਿਆ ਕਿ ਪ੍ਰਦਰਸ਼ਨ ਮੌਕੇ ਇਨ੍ਹਾਂ ਲੋਕਾਂ ਅਤੇ ਪੁਲਿਸ ਵਿਚ ਝੜਪ ਹੋਈ ਸੀ। ਇਸ ਨਾਲ ਕਈ ਵਾਹਨਾਂ ਨੂੰ ਵੀ ਨੁਕਸਾਨ ਪੁੱਜਾ ਸੀ। ਚੀਨ ਵਿਚ ਪੈਨਸ਼ਨ ਅਤੇ ਹੋਰ ਭੱਤਿਆਂ ਬਾਰੇ ਸਾਬਕਾ ਫ਼ੌਜੀ ਲੰਬੇ ਸਮੇਂ ਤੋਂ ਨਿਰਾਸ਼ਾ ਵਿਚ ਹਨ। ਪਿਛਲੇ ਸਾਲ ਸੈਂਕੜੇ ਸਾਬਕਾ ਫ਼ੌਜੀਆਂ ਨੇ ਬੀਜਿੰਗ ਵਿਚ ਦੋ ਦਿਨ ਪ੍ਰਦਰਸ਼ਨ ਕੀਤਾ ਸੀ। ਪ੍ਰਦਰਸ਼ਨਾਂ ਤੇ ਸਾਬਕਾ ਫ਼ੌਜੀਆਂ ਦੀ ਮੰਗ ਨੂੰ ਵੇਖ ਕੇ ਚੀਨ ਸਰਕਾਰ ਨੇ ਯੋਗ ਕਦਮ ਚੁੱਕਣ ਦਾ ਵਾਅਦਾ ਕੀਤਾ ਹੈ। ਇਸ ਸਾਲ ਚੀਨ ਵਿਚ ਇਸ ਬਾਰੇ ਵਿਚਾਰ ਲਈ ਮੰਤਰਾਲਾ ਵੀ ਬਣਾ ਦਿੱਤਾ ਗਿਆ ਹੈ। ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ 2015 ਵਿਚ ਕਿਹਾ ਸੀ ਕਿ 2017 ਦੇ ਅੰਤ ਤਕ ਫ਼ੌਜ ਵਿਚ 3 ਲੱਖ ਫ਼ੌਜੀਆਂ ਦੀ ਕਟੌਤੀ ਹੋ ਜਾਵੇਗੀ। ਸਰਕਾਰ ਦਾ ਕਹਿਣਾ ਹੈ ਕਿ ਕਟੌਤੀ ਦਾ ਟੀਚਾ ਲਗਪਗ ਪੂਰਾ ਕਰ ਲਿਆ ਹੈ।

# ਇੰਗਲੈਂਡ 'ਚ ਪੰਜਾਬੀ ਬਾਬੇ ਦੀ ਦਲੇਰੀ ਕਾਰਨ ਬੰਦੂਕਧਾਰੀ ਲੁਟੇਰੇ ਨੂੰ ਭਾਜੜਾਂ

ਲੰਡਨ, 9 ਦਸੰਬਰ (ਪੋਸਟ ਬਿਊਰੋ)- ਇੰਗਲੈਂਡ ਵਿੱਚ ਇਕ ਦੁਕਾਨ ਚਲਾ ਰਹੇ ਪੰਜਾਬੀ ਬਾਬੇ ਦੀ ਦੁਕਾਨ ਲੁੱਟਣ ਆਏ ਲੁਟੇਰੇ ਨੂੰ ਉਸ ਨੇ ਭਾਜੜਾਂ ਪਾ ਦਿੱਤੀਆਂ ਅਤੇ ਉਸ ਦੀ ਹਰ ਪਾਸੇ ਚਰਚਾ ਹੋ ਰਹੀ ਹੈ।

ਏਥੇ ਵੇਲਜ਼ ਦੇ ਇਲਾਕੇ ਰੀਲ੍ਹ ਦੀ ਵਲਿੰਗਟਨ ਰੋਡ 'ਤੇ ਦੁਕਾਨ ਕਰਦੇ ਪੰਜਾਬੀ ਬਾਬੇ ਨੇ ਦੱਸਿਆ ਕਿ ਬੀਤੇ ਦਿਨੀਂ ਇਕ ਬੰਦੂਕਧਾਰੀ ਵਿਅਕਤੀ ਉਨ੍ਹਾਂ ਦੀ ਦੁਕਾਨ 'ਤੇ ਆਇਆ ਅਤੇ ਉਨ੍ਹਾਂ ਨੂੰ ਧਮਕਾ ਕੇ ਨਕਦੀ ਦੀ ਮੰਗਣ ਲੱਗਾ। ਬਜ਼ੁਰਗ ਸੰਤੋਖ ਸਿੰਘ ਨੇ ਸਮਝਦਾਰੀ ਵਰਤੀ ਤੇ ਡੱਬਿਆਂ ਨਾਲ ਹੀ ਲੁਟੇਰੇ ਉੱਤੇ ਹਮਲਾ ਸ਼ੁਰੂ ਕੀਤਾ ਅਤੇ ਉਹ ਲੁਟੇਰੇ ਨੂੰ ਸੜਕ ਉੱਤੇ ਲੈ ਆਇਆ। ਸੜਕ ਉੱਤੇ ਆ ਕੇ ਬਾਬੇ ਨੇ ਆਪਣੇ ਗਵਾਂਢੀ ਦੁਕਾਨਦਾਰ ਨੂੰ ਪੁਲਸ ਨੂੰ ਫੋਨ ਕਰਨ ਲਈ ਕਿਹਾ ਅਤੇ ਪੁਲਸ ਦੇ ਆਉਣ ਦੀ ਗੱਲ ਸੁਣਦਿਆਂ ਸਾਰ ਲੁਟੇਰਾ ਭੱਜ ਗਿਆ।

ਪੁਲਸ ਦੇ ਮੁਤਾਬਕ ਖੁਸ਼ ਕਿਸਮਤੀ ਨਾਲ ਕਿਸੇ ਨੂੰ ਕੋਈ ਸੱਟ ਨਹੀਂ ਲੱਗੀ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਲੁਟੇਰਾ ਲੱਭਣ ਵਿੱਚ ਉਨ੍ਹਾਂ ਦੀ ਮਦਦ ਕਰਨ। ਬਜ਼ੁਰਗ ਸਿੱਖ ਨੇ ਦੱਸਿਆ ਕਿ ਲੁਟੇਰਾ ਲਗਭਗ 5 ਫੁੱਟ 5 ਇੰਚ ਉੱਚਾ ਸੀ। ਉਨ੍ਹਾਂ ਕਿਹਾ ਕਿ ਇਕ ਵਾਰ ਪਹਿਲਾਂ ਵੀ ਉਨ੍ਹਾਂ ਦੀ ਦੁਕਾਨ ਨੂੰ ਲੁੱਟਣ ਦੀ ਕੋਸ਼ਿਸ਼ ਹੋਈ ਸੀ। ਉਹ ਘਟਨਾ 10 ਮਾਰਚ 2018 ਨੂੰ ਵਾਪਰੀ ਸੀ, ਜਦ ਬਜ਼ੁਰਗ ਨੂੰ ਪਿਸਤੌਲ ਦੀ ਨੋਕ ਉੱਤੇ ਇਕ ਲੁਟੇਰੇ ਨੇ ਧਮਕਾਇਆ ਤੇ ਪੈਸੇ ਦੇਣ ਨੂੰ ਕਿਹਾ ਸੀ। ਓਦੋਂ ਉਨ੍ਹਾਂ ਦਾ ਪੁੱਤ ਵੀ ਦੁਕਾਨ 'ਤੇ ਸੀ ਅਤੇ ਬਜ਼ੁਰਗ ਨੇ ਲੁਟੇਰੇ ਨੂੰ ਬਿਨਾਂ ਹਥਿਆਰ ਸਬਕ ਸਿਖਾਇਆ ਸੀ। ਇਸ ਨਾਲ ਉਨ੍ਹਾਂ ਦੀ ਕਾਫੀ ਚਰਚਾ ਹੋਈ ਸੀ। ਏਥੇ ਰਹਿੰਦੇ ਪੰਜਾਬੀਆਂ ਦਾ ਕਹਿਣਾ ਹੈ ਕਿ ਇਕ ਵਾਰ ਫਿਰ ਬਜ਼ੁਰਗ ਬਾਬੇ ਨੇ ਲੁਟੇਰੇ ਨੂੰ ਭਾਜੜਾਂ ਪਾਈਆਂ ਤੇ ਆਪਣੀ ਦਲੇਰੀ ਨਾਲ ਵੱਡਾ ਨੁਕਸਾਨ ਹੋਣ ਤੋਂ ਬਚਾ ਲਿਆ।

# ਮੈਕਸੀਕੋ ਦੀ ਵਨੀਸਾ 'ਮਿਸ ਵਰਲਡ' ਚੁਣੀ ਗਈ



ਸਾਨਿਆ, 9 ਦਸੰਬਰ, (ਪੋਸਟ ਬਿਊਰੋ)- ਮੈਕਸੀਕੋ ਦੀ ਵਨੀਸਾ ਪੋਨਸ ਡਿ ਲਿਓਨ ਨੂੰ ਇਸ ਸਾਲ ਮਿਸ ਵਰਲਡ ਚੁਣ ਲਿਆ ਗਿਆ ਹੈ। ਚੀਨ ਦੇ ਸਾਨਿਆ ਸ਼ਹਿਰ 'ਚ ਹੋਏ ਰੰਗਾਰੰਗ ਪ੍ਰੋਗਰਾਮ 'ਚ ਪਿਛਲੇ ਸਾਲ ਦੀ ਜੇਤੂ ਮਾਨੁਸ਼ੀ ਛਿੱਲਰ ਨੇ ਵਨੀਸਾ ਨੂੰ ਮਿਸ ਵਰਲਡ-2018 ਦਾ ਤਾਜ ਪਹਿਨਾਇਆ। ਥਾਈਲੈਂਡ ਦੀ ਨਿਕੋਲਿਨ ਪਿਚਪਾ ਲਿਮਸਨੁਕਨ (20) ਦੂਜੇ ਥਾਂ ਰਹੀ। ਮਿਸ ਇੰਡੀਆ ਅਨਿਯਤੀ ਵਾਸ ਨੇ ਟਾਪ 30 ਵਿਚ ਥਾਂ ਬਣਾਈ, ਪਰ ਅੰਤਿਮ 12 ਵਿਚ ਨਾ ਜਾ ਸਕੀ। ਭਾਰਤ ਲਈ 17 ਸਾਲ ਦੀ ਉਡੀਕ ਖ਼ਤਮ ਕਰਦਿਆਂ ਮਾਨੁਸ਼ੀ ਛਿੱਲਰ ਨੇ ਪਿਛਲੇ ਸਾਲ ਮਿਸ ਵਰਲਡ ਦਾ ਖ਼ਿਤਾਬ ਜਿੱਤਿਆ ਸੀ।


Honesty, Reliability, Commitment



"Open House Until Sold"

○ 1 yr Home Warranty ○ Get 40% Discount on Brand Name

○ Furniture & Home Appliances ○ Free Evaluation & Lowest Commission

HomeLife SilverCity

Hira Randhawa
Broker

www.hirarandhawa.com | hirarandhawa@yahoo.ca

For all your Needs Call: 416.319.0551 or 905.913.8585

SAVE SAVE SAVE ....$$$$$$

Super Visa Insurance

On affordable rates, pay in installments, full refund on early cancellation.

RESP

Act immediately to get 15% Extra govt. grant of Year 2018

Visitor/Travel/Life/ Disability/Funeral Insurance



A/Z Drivers Needed/ਡਰਾਈਵਰਾਂ ਦੀ ਲੋੜ

- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London



- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job

For Further Information Contact: 6476253344

MICHELIN Hankook Continental ROADLUX BFGoodrich AEOLUS

BEST TRUCK REPAIR & TIRE CENTRE



We also Specialize in Engine, Transmission, Differential Rebuild, Safety Inspection & All Kinds of Electric Work

ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਤੇ ਭਾਰੀ ਸੇਲ

7 ਦਿਨ ਖੁੱਲਾ

SPECIAL ON TRUCK ALIGNMENT

BRAND NEW MACHINES 2018

Chevron Delo

Brake & Drum -Made in U.S - On Special Sale!

Special Sale 4 CAT Batteries $550 with Installation

Special Sale on Smartway Approved Tires $245 each

www.besttruckrepairandtire.ca | Email: ranjitbesttruck@yahoo.ca

Winter Sale Dhamaka

Special OIL CHANGE Rates

1715 Sismet Rd, Mississauga | Call Ranjit: 416.624.8351 | Tel: 905.625.0055

# ਇਲਾਜ ਵਿੱਚ ਲਾਪਰਵਾਹੀ ਲਈ 20 ਲੱਖ ਮੁਆਵਜ਼ੇ ਦਾ ਹੁਕਮ

ਅੰਮ੍ਰਿਤਸਰ, 9 ਦਸੰਬਰ (ਪੋਸਟ ਬਿਊਰੋ)- ਇਲਾਜ ਵਿੱਚ ਲਾਪਰਵਾਹੀ ਵਰਤਣ 'ਤੇ ਸਾਲ 2017 ਵਿੱਚ ਸੰਤੋਸ਼ ਕੁਮਾਰੀ ਦੀ ਹੋਈ ਮੌਤ ਲਈ ਪੰਜਾਬ ਰਾਜ ਖਪਤਕਾਰ ਅਦਾਲਤ ਨੇ ਉਨ੍ਹਾਂ ਦੇ ਵਾਰਸਾਂ ਨੂੰ 20 ਲੱਖ ਮੁਆਵਜ਼ਾ ਦਿਵਾਉਣ ਦਾ ਹੁਕਮ ਅੰਮ੍ਰਿਤਸਰ ਦੇ ਫੋਰਟਿਸ ਐਸਕਾਰਟ ਹਸਪਤਾਲ ਨੂੰ ਦਿੱਤਾ ਹੈ।




ਕਮਿਸ਼ਨ ਦੇ ਚੇਅਰਮੈਨ ਜੇ ਐੱਸ ਕਲੇਰ ਅਤੇ ਸੀਨੀਅਰ ਮੈਂਬਰ ਕਿਰਨ ਸਿੱਬਲ ਦੀ ਅਦਾਲਤ ਨੇ ਤਿੰਨ ਦਸੰਬਰ ਨੂੰ ਸੁਣਾਏ ਫੈਸਲੇ ਹੇਠ ਮੁਆਵਜ਼ੇ ਲਈ 15 ਲੱਖ ਰੁਪਏ ਹਸਪਤਾਲ ਮੈਨੇਜਮੈਂਟ ਅਤੇ ਪੰਜ ਲੱਖ ਰੁਪਏ ਡਾਕਟਰ ਰਵਿੰਦਰ ਸਿੰਘ ਮਲਹੋਤਰਾ ਨੂੰ ਦੇਣ ਦਾ ਹੁਕਮ ਦਿੱਤਾ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸੀਨੀਅਰ ਵਕੀਲ ਕੁੰਵਰ ਪਾਹੁਲ ਸਿੰਘ ਨੇ ਦੱਸਿਆ ਕਿ ਸੰਤੋਸ਼ ਕੁਮਾਰੀ ਦੇ ਬੇਟਿਆਂ ਸੰਜੀਵ ਕੁਮਾਰ, ਰਾਜਿੰਦਰ ਕੁਮਾਰ ਵੱਲੋਂ ਦਾਇਰ ਕੇਸ ਵਿੱਚ ਅਦਾਲਤ ਨੇ ਇਲਾਜ ਵਿੱਚ ਲਾਪਰਵਾਹੀ ਲਈ ਹਸਪਤਾਲ ਪ੍ਰਬੰਧਕਾਂ ਨੂੰ ਦੋਸ਼ੀ ਪਾਇਆ। ਮੋਟਾਪੇ ਦੀ ਸ਼ਿਕਾਰ ਤੇ ਹਰਨੀਆ ਤੋਂ ਪੀੜਤ ਸੰਤੋਸ਼ ਕੁਮਾਰੀ ਨੂੰ ਹਸਪਤਾਲ ਨੇ ਬੇਰੀਐਟ੍ਰਿਕ ਸਰਜਰੀ ਸੰਬੰਧੀ ਦੋ ਲੱਖ 65 ਹਜ਼ਾਰ ਰੁਪਏ ਦਾ ਪੈਕੇਜ ਦਿੱਤਾ ਸੀ। ਉਸ ਨੂੰ ਫਿੱਟ ਦੱਸਣ ਪਿੱਛੋਂ 11 ਮਈ 2017 ਨੂੰ ਆਪਰੇਸ਼ਨ ਕਰਾਉਣ ਦੀ ਹਦਾਇਤ ਦਿੱਤੀ ਗਈ। 11 ਮਈ ਨੂੰ ਆਪਰੇਸ਼ਨ ਕਰਾਉਣ ਪਹੁੰਚੀ ਸੰਤੋਸ਼ ਨੂੰ ਹਰਨੀਆ ਤੇ ਹੋਰ ਬਿਮਾਰੀਆਂ ਹੋਣ ਦੇ ਬਾਵਜੂਦ ਆਪਰੇਸ਼ਨਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਗਿਆ ਸੀ। ਹਸਪਤਾਲ ਵੱਲੋਂ 11 ਮਈ ਨੂੰ ਮਿੰਨੀ ਗੈਸਟ੍ਰਿਕ ਬਾਈਪਾਸ ਸਰਜਰੀ ਕਰ ਦਿੱਤੀ ਗਈ। ਸਰਜਰੀ ਦੇ ਬਾਅਦ ਸੰਤੋਸ਼ ਦੀ ਸਿਹਤ ਵਿਗੜਦੀ ਗਈ। ਡਾਕਟਰਾਂ ਨੇ ਉਨ੍ਹਾਂ ਨੂੰ ਜਲਦ ਹੀ ਸਿਹਤਮੰਦ ਹੋਣ ਦਾ ਦਿਲਾਸਾ ਦਿੰਦੇ ਹੋਏ ਵੱਖ ਵੱਖ ਟੈਸਟ ਅਤੇ ਸਰਜਰੀਆਂ ਕਰਨਾ ਜਾਰੀ ਰੱਖਿਆ। ਆਖਰ 12 ਜੁਲਾਈ 2017 ਨੂੰ ਸੰਤੋਸ਼ ਦੀ ਮੌਤ ਹੋ ਗਈ ਸੀ।

# ਮਨਜੀਤ ਸਿੰਘ ਜੀ ਕੇ ਵਿਰੁੱਧ ਕਾਰਵਾਈ ਬਾਰੇ ਫੈਸਲਾ ਅਦਾਲਤ ਨੇ ਰਾਖਵਾਂ ਰੱਖਿਆ

ਨਵੀਂ ਦਿੱਲੀ, 9 ਦਸੰਬਰ (ਪੋਸਟ ਬਿਊਰੋ)- ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਘਿਰੇ ਹੋਏ ਅਤੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਚੁੱਕੇ ਦਿੱਲੀ ਸਿੱਖ ਗੁਰ-ਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇ ਵਿਰੁੱਧ ਗੁਰਮੀਤ ਸਿੰਘ ਸ਼ੰਟੀ ਵੱਲੋਂ ਪਟਿਆਲਾ ਹਾਊਸ ਅਦਾਲਤ ਵਿੱਚ ਪਾਈ ਗਈ ਅਰਜ਼ੀ ਬਾਰੇ ਅਦਾਲਤ ਨੇ ਫੈਸਲਾ ਰਾਖਵਾਂ ਕਰ ਲਿਆ ਹੈ।

ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਜ਼ਾਦ ਮੈਂਬਰ ਗੁਰਮੀਤ ਸਿੰਘ ਸ਼ੰਟੀ ਨੇ ਦੱਸਿਆ ਕਿ ਜੱਜ ਵਿਜੇਤਾ ਸਿੰਘ ਦੇ ਸਾਹਮਣੇ ਨਾਰਥ ਐਵੇਨਿਊ ਥਾਣੇ ਦੇ ਜਾਂਚ ਅਧਿਕਾਰੀ ਵਿਜੇ ਪਾਲ ਨੇ ਕਾਰਵਾਈ ਰਿਪੋਰਟ ਪੇਸ਼ ਕੀਤੀ ਹੈ, ਜਿਸ ਵਿੱਚ ਅਹਿਮ ਖੁਲਾਸੇ ਹੋ ਸਕਦੇ ਹਨ। ਉਨ੍ਹਾਂ ਅਦਾਲਤ ਤੋਂ ਮੰਗ ਕੀਤੀ ਸੀ ਕਿ ਦਿੱਲੀ ਪੁਲਸ ਨੂੰ ਦਿੱਲੀ ਦੀ



ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੇ ਖਿਲਾਫ ਕੇਸ ਦਰਜ ਦੀ ਹਦਾਇਤ ਕੀਤੀ ਜਾਵੇ, ਕਿਉਂਕਿ ਕਮੇਟੀ ਦੇ ਖਾਤਿਆਂ ਵਿੱਚ ਕਈ ਗੜਬੜਾਂ ਨਿਕਲੀਆਂ ਹਨ। ਉਨ੍ਹਾਂ ਦੱਸਿਆ ਕਿ ਕਮੇਟੀ ਦੇ ਤਿੰਨ ਮੁਲਾਜ਼ਮਾਂ ਦੀ ਗਵਾਹੀ ਵੀ ਹੋ ਚੁੱਕੀ ਹੈ। ਵਰਨਣ ਯੋਗ ਹੈ ਕਿ ਬੀਤੇ ਦਿਨੀਂ ਮਨਜੀਤ ਸਿੰਘ ਜੀ ਕੇ ਅਤੇ ਮੌਜੂਦਾ ਸਾਰੀ ਕਾਰਜਕਾਰਨੀ ਨੇ ਅਸਤੀਫਾ ਦੇ ਕੇ ਅੰਤਰਿੰਗ ਬੋਰਡ ਦੀ ਨਵੀਂ ਚੋਣ ਕਰਵਾਉਣ ਦੀ ਮੰਗ ਕੀਤੀ ਸੀ। ਇਹ ਸਾਰਾ ਘਟਨਾਕ੍ਰਮ ਇਸ ਮੁਕੱਦਮੇ ਦੀ ਰੋਸ਼ਨੀ ਹੇਠ ਹੀ ਵਾਪਰਿਆ ਸੀ।

# ਗੈਰ ਕਾਨੂੰਨੀ ਪੰਜਾਬੀ ਕਾਮਾ ਰੱਖਣ ਵਾਲੇ ਦੁਕਾਨ ਮਾਲਕ ਨੂੰ 20 ਹਜ਼ਾਰ ਪੌਂਡ ਜੁਰਮਾਨਾ

ਲੰਡਨ, 9 ਦਸੰਬਰ (ਪੋਸਟ ਬਿਊਰੋ)- ਰੈਡਿੰਗ ਦੀ ਲੰਡਨ ਰੋਡ ਦੇ ਐੱਮ ਏ ਪੀ ਵਾਈਨ ਸਟੋਰ 'ਤੇ ਬੀਤੇ ਦਿਨੀਂ ਕੌਂਸਲ ਅਤੇ ਇਮੀਗਰੇਸ਼ਨ ਅਧਿਕਾਰੀਆਂ ਨੇ ਛਾਪੇ ਦੌਰਾਨ ਇੱਕ ਪੰਜਾਬੀ ਦੇ ਵਿਅਕਤੀ ਨੂੰ ਗੈਰ ਕਾਨੂੰਨੀ ਢੰਗ ਨਾਲ ਕੰਮ ਕਰਦੇ ਫੜਿਆ, ਜਿਸ ਨੇ ਅਧਿਕਾਰੀਆਂ ਨੂੰ ਦੱਸਿਆ ਕਿ ਉਹ ਬੀਤੇ ਦੋ ਸਾਲ ਤੋਂ ਇਥੇ ਕੰਮ ਕਰ ਰਿਹਾ ਹੈ ਅਤੇ ਉਸ ਨੂੰ ਨੌਂ ਵਜੇ ਤੋਂ ਇੱਕ ਵਜੇ ਤੱਕ ਚਾਰ ਜਾਂ ਪੰਜ ਦਿਨ ਕੰਮ ਕਰਨ ਬਦਲੇ 100 ਪੌਂਡ ਮਿਲਦਾ ਹੈ, ਜਿਹੜਾ ਯੂ ਕੇ ਕਾਨੂੰਨ ਦੀ ਉਲੰਘਣਾ ਸੀ। ਗੱਲਬਾਤ ਵਿੱਚ ਇਹ ਸਪੱਸ਼ਟ ਹੋ ਗਿਆ ਕਿ ਸ਼ਰਾਬ ਵੇਚਣ ਦਾ ਵੀ ਉਸ ਨੂੰ ਕੋਈ ਅਧਿਕਾਰ ਨਹੀਂ ਅਤੇ ਉਹ ਕਾਨੂੰਨੀ ਨਿਯਮਾਂ ਤੋਂ ਅਣਜਾਣ ਸੀ ਜਿਸ ਤੋਂ ਬਾਅਦ



ਅਧਿਕਾਰੀਆਂ ਨੇ ਤੁਰੰਤ ਦੁਕਾਨ ਬੰਦ ਕਰਵਾ ਦਿੱਤੀ ਤਾਂ ਕਿ ਸਨਮੀਤ ਸਿੰਘ ਕਪੂਰ ਜਾਂ ਹੋਰ ਵਿਅਕਤੀ ਦੁਕਾਨ ਸੰਭਾਲੇ।

ਜਦੋਂ ਕੋਈ ਵਿਅਕਤੀ ਦੁਕਾਨ 'ਤੇ ਪਹੁੰਚਿਆ ਤਾਂ ਅਧਿਕਾਰੀਆਂ ਨੂੰ ਇਹ ਤਸੱਲੀ ਜ਼ਰੂਰ ਹੋਈ ਕਿ ਉਹ ਯੂ ਕੇ 'ਚ ਕੰਮ ਕਰਨ ਦਾ ਅਧਿਕਾਰ ਰੱਖਦਾ ਹੈ, ਪਰ ਸ਼ਰਾਬ ਵੇਚਣ ਸੰਬੰਧੀ ਉਸ ਕੋਲ ਵੀ ਕੋਈ ਅਧਿਕਾਰ ਨਹੀਂ ਸੀ। ਅਧਿਕਾਰੀਆਂ ਨੇ ਜਿੱਥੇ ਉਕਤ ਕਾਮੇ ਨੂੰ ਹੰਸਲੋ ਇਮੀਗਰੇਸ਼ਨ ਸੈਂਟਰ ਵਿਖੇ ਹਾਜ਼ਰੀ ਲਗਵਾਉਣ ਦੀ ਤਾਕੀਦ ਕੀਤੀ, ਉਥੇ ਹੀ ਦੁਕਾਨ ਮਾਲਕ ਸਨਮੀਤ ਸਿੰਘ ਕਪੂਰ ਨੂੰ 20 ਹਜ਼ਾਰ ਪੌਂਡ ਦਾ ਜੁਰਮਾਨਾ ਕੀਤਾ ਹੈ।

# ਓਵਰਬ੍ਰਿਜ ਦੀ ਘੱਟ ਚੌੜਾਈ ਨਿਕਲਣ ਪਿੱਛੋਂ ਚੀਫ ਇੰਜੀਨੀਅਰ ਤੋਂ ਜਵਾਬ ਤਲਬ

ਫਰੀਦਕੋਟ, 9 ਦਸੰਬਰ (ਪੋਸਟ ਬਿਊਰੋ)- ਕਰੀਬ ਦੋ ਸਾਲ ਪਹਿਲਾਂ ਫਰੀਦਕੋਟ-ਤਲਵੰਡੀ ਬਾਈਪਾਸ ਉੱਤੇ ਇਸ ਸ਼ਹਿਰ ਦੇ ਲੋਕਾਂ ਅਤੇ ਬਾਹਰੋਂ ਆਉਣ ਵਾਲਿਆਂ ਨੂੰ ਟਰੈਫਿਕ ਸਮੱਸਿਆਵਾਂ ਤੋਂ ਛੁਟਕਾਰਾ ਦਿਵਾਉਣ ਲਈ 56 ਕਰੋੜ ਦੀ ਲਾਗਤ ਨਾਲ ਉਸਾਰੇ ਜਾ ਰਹੇ ਪੁਲ ਦੀ ਢਿੱਲੀ ਰਫਤਾਰ ਨਾਲ ਫਰੀਦਕੋਟ-ਤਲਵੰਡੀ ਰੋਡ 'ਤੇ ਇੱਕ ਨਿੱਜੀ ਸਕੂਲ ਤੇ ਦੁਕਾਨਦਾਰਾਂ ਨੂੰ ਡਾਢੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਂਵੇਂ ਰੇਲਵੇ ਓਵਰ ਬ੍ਰਿਜ ਦਾ ਨਕਸ਼ਾ ਪਾਸ ਹੋਣ ਤੋਂ ਬਾਅਦ ਟੈਂਡਰ ਵੀ ਪਾਸ ਹੋਣ ਤੋਂ ਬਾਅਦ ਅੱਧਾ ਪੁਲ ਤਿਆਰ ਹੋ ਗਿਆ ਤਾਂ ਇਸ ਪਿੱਛੋਂ ਕੇਂਦਰੀ ਲੋਕ ਨਿਰਮਾਣ ਵਿਭਾਗ ਦੀ ਨਲਾਇਕੀ ਕਾਰਨ ਰੇਲਵੇ ਓਵਰਬ੍ਰਿਜ ਦੀ ਚੌੜਾਈ ਅੱਧੀ ਅਤੇ ਸਰਵਿਸ ਰੋਡ ਦੀ ਚੌੜਾਈ ਬਾਕੀ ਪੁਲਾਂ ਨਾਲੋਂ ਅੱਧੀ ਨਿਕਲਣ ਦੀ ਵੀ ਚਰਚਾ ਚੱਲ ਪਈ ਹੈ। ਇਸ ਨਾਲ ਕਰੋੜਾਂ ਰੁਪਏ ਦਾ ਨੁਕਸਾਨ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਇਸ ਬਾਰੇ ਵਿਪਨ ਕੌਸ਼ਲ ਨੇ ਪ੍ਰਧਾਨ ਮੰਤਰੀ, ਕੇਂਦਰੀ ਵਿਜੀਲੈਂਸ ਕਮਿਸ਼ਨ, ਮੁੱਖ ਮੰਤਰੀ ਪੰਜਾਬ ਅਤੇ ਡਿਪਟੀ ਕਮਿਸ਼ਨਰ ਫਰੀਦਕੋਟ ਨੂੰ ਸ਼ਿਕਾਇਤ ਭੇਜੀ ਸੀ, ਜਿਸ ਬਾਰੇ ਜ਼ਮੀਨੀ ਟਰਾਂਸਪੋਰਟ ਮੰਤਰਾਲਾ ਭਾਰਤ ਸਰਕਾਰ ਨੇ ਚੀਫ ਇੰਜੀਨੀਅਰ ਤੋਂ ਜਵਾਬ ਤਲਬ ਕੀਤਾ ਤੇ ਇਸ ਦੀ ਵਿਸਥਾਰ ਰਿਪੋਰਟ ਮੰਗੀ ਹੈ। ਚੀਫ ਇੰਜੀਨੀਅਰ (ਨੈਸ਼ਨਲ ਹਾਈਵੇ) ਪੰਜਾਬ ਪੀ ਡਬਲਯੂ ਡੀ (ਆਰ ਐਂਡ ਬੀ) ਨਿਰਮਾਣ ਭਵਨ ਮਿੰਨੀ ਸਕੱਤਰੇਤ ਪਟਿਆਲਾ ਦੇ ਸੂਤਰਾਂ ਤੋਂ ਜਾਣਕਾਰੀ ਮਿਲੀ ਹੈ ਕਿ ਉੱਚ ਪੱਧਰੀ ਟੀਮ ਮਾਮਲੇ ਦੀ ਜਾਂਚ ਕਰ ਰਹੀ ਹੈ, ਜਿਸ ਵੱਲੋਂ ਰੇਲਵੇ ਓਵਰਬ੍ਰਿਜ ਦੀ ਚੌੜਾਈ ਘੱਟ ਕਰਨ ਅਤੇ ਸਰਵਿਸ ਰੋਡ ਦੀ ਚੌੜਾਈ ਘੱਟ ਕਰਨ ਸੰਬੰਧੀ ਠੇਕੇਦਾਰ ਅਤੇ ਨਿਗਰਾਨ ਇੰਜੀਨੀਅਰ ਸੈਂਟਰਲ ਵਰਕਸ ਪੀ ਡਬਲਯੂ ਡੀ (ਬੀ ਐਂਡ ਆਰ) ਤੋਂ ਪੁੱਛਗਿੱਛ ਕੀਤੀ ਜਾਵੇਗੀ।

**Machine Operators Required**

ਇਸ ਐਂਟਰੀ ਲੈਵਲ ਜੌਬ ਨਾਲ ਆਪਣੀ ਟੈਕਨੀਕਲ ਮੁਹਾਰਤ ਵਿੱਚ ਵਾਧਾ ਕਰੋ ਅਤੇ ਇਸ ਕੰਮ ਦਾ ਤਜ਼ਰਬਾ ਪ੍ਰਾਪਤ ਕਰੋ।

- ਕਿਸੇ ਕਿਸਮ ਦੇ ਪਹਿਲੇ ਤਜ਼ਰਬੇ ਦੀ ਲੋੜ ਨਹੀਂ
- ਅਸੀਂ ਤੁਹਾਨੂੰ ਪੂਰੀ ਟਰੇਨਿੰਗ ਦਿਆਂਗੇ
- ਪੱਕੇ ਘੰਟੀਆਂ ਵਾਲਾ ਪੱਕਾ ਕੰਮ

Duties & Responsibilities
- Assemble, load and unload production parts
- lifting up to 20 lbs
- Operate on 2-3 CNC machines at one time.
- Use mechanical attitude to troubleshoot and maintain different machine

Pay Rate: $15 - $16 per hour
To apply send resume to aisha@wemovepeople.co

**A/Z DRIVERS/OWNER OPERATORS NEEDED FOR LOCAL & USA**
Earn upto $21 to $32/hr

- USA owner operators 0.95 cent/mile + Fuel
- USA company drivers 0.60 cent/ mile
- Canada owner Operators 0.85 cent/mile + Fuel
- Canada company Drivers 0.50 cent.mile

Skylark Logistics Inc.



Sam Mann: 416-617-2405
Mr. Kyla: 519-821-7999 ext.222




Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ।
ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

ਜੱਟ ਸਿੱਖ ਭੁੱਲਰ ਲੜਕਾ, ਉੱਮਰ 35 ਸਾਲ, ਕੱਦ 6'1", ਕੈਨੇਡੀਅਨ ਸਿਟੀਜਨ ਲਈ ਲੜਕੀ ਦੀ ਲੋੜ ਹੈ। ਲੜਕਾ ਸੈਟਲਡ ਹੈ ਅਤੇ ਵਧੀਆ ਨੌਕਰੀ ਕਰ ਰਿਹਾ ਹੈ। ਪਹਿਲ ਮਾਲਵੇ ਜਿਲ੍ਹੇ ਨੂੰ ਦਿੱਤੀ ਜਾਵੇਗੀ। ਕਾਲ ਕਰੋ: 905-672-6641 F

ਜੱਟ ਸਿੱਖ ਸੰਘਾ, ਇਕਲੋਤਾ ਲੜਕਾ, ਵੈਸ਼ਨੂੰ , ਉਮਰ 24 ਸਾਲ, ਕੱਦ 5'-7", ਰੰਗ ਗੋਰਾ, B.sc Computer Science, 30 Acre ਜ਼ਮੀਨ, **District** ਮੋਗਾ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ।
ਸੰਪਰਕ ਕਰੋ :- 647-631-9445 ਕੈਪਟਨ ਇਕਬਾਲ ਸਿੰਘ ਵਿਰਕ

Jat Sikh Boy, 23, 6'3", vegetarian, student in Canada. Canadian PR or Citizen preferred.
For more details kindly contact 216-556-2080.

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਉਮਰ 26 ਸਾਲ, ਕੱਦ 5'-10", Computer ਡਿਪਲੋਮਾ, ਵੀਜ਼ਿਟਰ ਵੀਜ਼ੇ ਤੇ ਆਏ ਲੜਕੇ ਲਈ P.R ਜਾਂ citizen ਲੜਕੀ ਦੀ ਲੋੜ ਹੈ। ਲੜਕੇ ਦੀਆਂ ਭੈਣਾ ਕੈਨੇਡਾ ਵਿਚ ਸੈਟਲਡ ਹਨ। ਮਾਂ ਪਿਉ Super Visa ਤੇ ਹਨ । ਕਿਰਪਾ ਕਰਕੇ ਸੰਪਰਕ ਕਰੋ- 647-721-4039

ਸਿੱਖ ਲੜਕਾ (TULI, KHATRI), ਉਮਰ 24 ਸਾਲ, ਕੱਦ 5'5, ਅੰਮ੍ਰਿਤਧਾਰੀ, ਪਟਿਆਲਾ, IELTS 6 Band, Diploma ITI Plumbing one year course, CTI Plumbing, Well Known business man's Son ਲਈ ਕੈਨੇਡੀਅਨ PR/Citizen ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-762-5375 । 905-455-8152

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ.ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਉਮਰ 28 ਸਾਲ, ਕੱਦ 5'9", ਚੰਗੀ ਜੋਬ ਲਈ ਕੈਨੇਡੀਅਨ ਇੰਮੀਗਰੇਟ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-524-6505

ਧਾਲੀਵਾਲ ਜੱਟ ਸਿੱਖ ਲੜਕਾ, ਵਿਜ਼ਟਰ ਵੀਜ਼ਾ, 27 ਸਾਲ, ਲਈ ਲੜਕੀ ਦੀ ਲੋੜ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ- 647-237-5343, 647-688-4149

ਦਿੱਲੀ ਵਿਚ ਨਜਮੇ ਤੇ ਦਿੱਲੀ ਯੂਨੀਵਰਸਿਟੀ ਤੋਂ ਗਰੈਜੂਏਟ 47 ਸਾਲਾ ਦੇ ਜਵਾਨ ਲੜਕੇ ਲਈ ਇਕ ਸਿਹਤਮੰਦ ਜੀਵਨ ਸਾਥਣ ਉਮਰ ਲਗ ਭਗ 40 ਸਾਲ ਦੀ ਲੋੜ ਹੈ। ਲੜਕੇ ਦੇ ਦਿੱਲੀ, ਨਿਊਯਾਰਕ ਤੇ ਬਰੈਂਪਟਨ ਵਿਚ ਆਪਣੇ ਰਿਹਾਇਸ਼ੀ ਘਰ ਹਨ। ਨਿਊਯਾਰਕ ਮੈਨਹਟਨ ਵਿਚ ਆਪਣਾ ਮੋਬਾਈਲ ਤੇ ਇਲੈਕਟਰੌਨਿਕ ਦਾ ਕਾਰੋਬਾਰ ਹੈ। ਲੜਕੀ ਕੰਮ ਕਰਦੀ, ਕੈਨੇਡਾ ਦੀ ਪੀ ਆਰ, ਨੈਤਿਕਤਾ ਭਰਪੂਰ, ਹਿੰਦੂ ਜਾਂ ਸਿੱਖ ਪਰਵਾਰ ਵਿਚੋਂ ਹੋਣੀ ਚਾਹੀਦੀ ਹੈ।
ਵਧੇਰੀ ਜਾਣਕਾਰੀ ਲਈ 516-620-0565 ਤੇ ਫੋਨ ਕਰੋ।

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸ਼ੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ Born 1993 , ਕੱਦ 5'2", Post Graduate in Canada & GNM Nursing india ਲਈ ਲੜਕੇ ਦੀ ਲੋੜ ਹੈ। ਲੜਕੀ Canada ਵਿੱਚ ਆਪਣੇ ਪਰਿਵਾਰ ਨਾਲ ਰਹਿ ਰਹੀ ਹੈ। ਸਿਰਫ ਉਹੀ ਸੰਪਰਕ ਕਰਨ ਜੋ ਕਿ ਲੜਕੀ ਦੇ ਚਾਚੇ ਦੀ ਲੜਕੀ Born 1991 , ਕੱਦ 5'6", GNM Nursing india & Nanny Passed ਨੂੰ ਕੈਨੇਡੀਅਨ ਲੜਕੇ ਦਾ ਰਿਸ਼ਤਾ ਕਰਵਾ ਸਕਣ. Ontario/Malwa ਨੂੰ ਪਹਿਲ ਦਿੱਤੀ ਜਾਵੇਗੀ.
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-965-4916 | 647-548-5959

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੁਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ **PR** ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Looking for a Gursikh Boy Settled in Canada/US for Widowed girl (With a Son aged 6 Yrs), November 1981 born, Height 5'2"having a PR and permanent Job in Canada. Elder sister settled in USA. Contact +1 510-634-8364 (US), +91 9871991724 (WhatsApp/Call)

Tonk Kshatriya parents seeking a suitable match for their Canadian born girl, 34 yrs old, 5'3" tall, educated in accounting. The boy should be hindu punjabi, attractive, athletic, vegetarian, educated. Plz send biodata with recent pictures.
E -mail: matri.response2018@gmail. com

Looking for Canadian Smart match for Ramdasia girl in India, BDS 5-4 November 1990 born.working as lecturer in pvt dental college.father class 1 officer,mother govt job, grand father retired captain from army. Contact +91 9646609228, +91 7973001402.

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੜਕੀ ਉਮਰ 28 ਸਾਲ, ਕੱਦ 5'4", B.SC Nursing, Diploma, ਕੈਨੇਡਾ Express Entry ਰਾਹੀ PR ਅਪਲਾਈ ਲਈ pr ਜਾਂ Work permit ਤੇ ਪੜੇ-ਲਿਖੇ ਲੜਕੇ ਦੀ ਲੋੜ ਹੈ। ਲੁਧਿਆਣਾ ਜਿਲ੍ਹੇ ਨੂੰ ਪਹਿਲ ।
ਸੰਪਰਕ ਕਰੋ: 647-616-4244, 647-328-1601 ਜਾਂ Whatsapp- 700-90-60-269

Beautiful Sikh Tonk Kshatriya Girl (M. Pharma) Dec 1988 5'4" working as Asst. Professor belongs to educated family from Amritsar seeks suitable match and well settled Sikh boy in Canada. Parents are in Canada on visitor visa.
Contact 647-624-7733 gpspreet@gmail.com

Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202



Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

**ਬੈਂਕ ਲੌਕਰ ਉਪਲੱਬਧ ਹਨ**
24 Hr Advanced Security
Open 7 Days
905.789.8808

**A/Z CITY DRIVER WANTED**
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour
- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

**Cell n Tell Distribution Inc.**
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

**STARLANE PAINTING**
Residential ▪ Commercial ▪ Industrial
- Hotel • Motel • Exterior
- Interior • Spray Painting
- Office Painting • Drywall Fixing


ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਘਨੋਆ




ਫੋਰਥ ਪਿਲਰ-ਵਿਜੀਲੈਂਟ ਮੀਡੀਆ ਵਾਚਡਾਗ ਤੇ ਆਲ ਪਾਕਿਸਤਾਨ ਅਮੈਰਿਕਨ ਕੋਲੀਸ਼ਨ ਵੱਲੋਂ ਪਿਛਲੇ ਦਿਨੀਂ ਕਰਤਾਰਪੁਰ ਸਾਹਿਬ ਕਾਰੀਡੋਰ ਦਾ ਨੀਂਹ ਪੱਥਰ ਰੱਖੇ ਜਾਣ ਦੀ ਖੁਸ਼ੀ ਵਿਚ ਤੇ ਵੱਖ-ਵੱਖ ਪਹਿਲੂਆਂ ’ਤੇ ਚਰਚਾ ਕਰਨ ਲਈ ਨਿਊਯਾਰਕ ਸਥਿਤ ਟੇਸਟ ਆਫ਼ ਲਾਹੌਰ ਰੈਸਤਰਾਂ ’ਚ ਇਕ ਖਾਸ ਪ੍ਰੈੱਸ ਮਿਲਣੀ ਕੀਤੀ ਗਈ। ਜਿਸ ਵਿਚ ਪਾਕਿਸਤਾਨ ਦੇ ਪ੍ਰਮੁੱਖ ਅਖਬਾਰ ਤੇ ਟੀਵੀ ਚੈਨਲਾਂ ਨੇ ਸ਼ਮੂਲੀਅਤ ਕੀਤੀ। ਇਸ ਵਿਚਾਰ ਚਰਚਾ ਨੂੰ ਈਸਟ ਕੋਸਟ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਦੇ ਭਾਈ ਹਿੰਮਤ ਸਿੰਘ, ਕਿਰਪਾਲ ਸਿੰਘ ਬਿਲਿੰਗ, ਸਲੀਮ ਮਲਿਕ, ਰਾਜਾ ਰਜ਼ਾਕ, ਮੁਹੰਮਦ ਤਾਹਿਰ, ਬਲਜਿੰਦਰ ਸਿੰਘ, ਹਰਮੇਲ ਸਿੰਘ ਤੇ ਸੁਖਜਿੰਦਰ ਸਿੰਘ ਆਦਿ ਨੇ ਸੰਬੋਧਨ ਕੀਤਾ।

# ਐਗਜ਼ਿਟ ਪੋਲ ਦੇ ਮੁਤਾਬਕ ਰਾਜਸਥਾਨ ਚੋਣਾਂ ਵਿਚ ਕਾਂਗਰਸ ਜੇਤੂ ਰਹੇਗੀ

## * ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਵਿੱਚ ਫਸਵੀਂ ਟੱਕਰ



ਨਵੀਂ ਦਿੱਲੀ, 9 ਦਸੰਬਰ, (ਪੋਸਟ ਬਿਊਰੋ)- ਭਾਰਤ ਦੇ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣ ਲਈ ਵੋਟਾਂ ਪਾਏ ਜਾਣ ਦੇ ਬਾਅਦ ਸਾਹਮਣੇ ਆਏ ਐਗਜ਼ਿਟ ਪੋਲ, ਜਿਹੜੇ ਵੋਟ ਪਾ ਕੇ ਨਿਕਲਦੇ ਹੋਏ ਵੋਟਰਾਂ ਦੀ ਰਾਏ ਮੁਤਾ-ਬਕ ਦੱਸੇ ਜਾਂਦੇ ਹਨ, ਦੇ ਮੁਤਾਬਕ ਦੋ ਰਾਜਾਂ ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿੱਚ ਕਾਂਗਰਸ ਅਤੇ ਭਾਜਪਾ ਦੀ ਕਰੜੀ ਟੱਕਰ ਨਜ਼ਰ ਆ ਰਹੀ ਹੈ, ਪਰ ਰਾਜਸਥਾਨ ਵਿਚ ਕਾਂਗਰਸ ਨੂੰ ਹਰ ਕੋਈ ਜਿੱਤ ਰਹੀ ਮੰਨਦਾ ਹੈ। ਤਿਲੰਗਾਨਾ ਵਿਚ ਰਾਜ ਕਰ ਰਹੀ ਤਿਲੰਗਾਨਾ ਰਾਸ਼ਟਰੀ ਸਮਿਤੀ ਦੇ ਇੱਕ ਵਾਰ ਫਿਰ ਜਿੱਤਣ ਦੇ ਸੰਕੇਤ ਹਨ। ਮੀਜ਼ੋਰਮ ਵਿੱਚ ਕਾਂਗਰਸ ਹਾਰ ਸਕਦੀ ਹੈ।

ਵਰਨਣ ਯੋਗ ਹੈ ਕਿ ਇਸ ਵਕਤ ਮੱਧ ਪ੍ਰਦੇਸ਼, ਛੱਤੀਸਗੜ੍ਹ ਅਤੇ ਰਾਜਸਥਾਨ ਵਿਚ ਭਾਜਪਾ ਦੀਆਂ ਸਰਕਾਰਾਂ ਹਨ।

ਮੱਧ ਪ੍ਰਦੇਸ਼ ਦੀ 230 ਮੈਂਬਰੀ ਵਿਧਾਨ ਸਭਾ ਲਈ ਅੱਜ ਪਈਆਂ ਵੋਟਾਂ ਪਿੱਛੋਂ ਟੀ ਵੀ ‘ਜਨ ਕੀ ਬਾਤ’ ਨੇ ਸਰਵੇਖਣ ਵਿੱਚ ਭਾਜਪਾ ਨੂੰ 108 ਤੋਂ 128 ਸੀਟਾਂ ਤੇ ਕਾਂਗਰਸ ਨੂੰ 95 ਤੋਂ 115 ਸੀਟਾਂ ਉੱਤੇ ਜਿੱਤਦੀ ਦੱਸਿਆ ਹੈ, ਪਰ ਇੰਡੀਆ ਟੂਡੇ-ਐਕਸਿਸ ਦੇ ਸਰਵੇਖਣ ਅਨੁਸਾਰ ਮੱਧ ਪ੍ਰਦੇਸ਼ ਵਿਚ ਭਾਜਪਾ 102 ਤੋਂ 120 ਦੇ ਕਰੀਬ ਸੀਟਾਂ ਲੈ ਜਾਵੇਗੀ ਅਤੇ ਕਾਂਗਰਸ 104 ਤੋਂ 122 ਸੀਟਾਂ ਨਾਲ ਇਸ ਰਾਜ ਉੱਤੇ ਕਬਜ਼ਾ ਵੀ ਕਰ ਸਕਦੀ ਹੈ। ਟਾਈਮਜ਼ ਨਾਓ-ਸੀ ਐਨ ਐਕਸ ਨੇ ਇਸ ਰਾਜ ਵਿਚ ਭਾਜਪਾ ਨੂੰ 126 ਸੀਟਾਂ ਅਤੇ ਕਾਂਗਰਸ ਨੂੰ 89 ਸੀਟਾਂ ਦਿੱਤੀਆਂ ਹਨ, ਪਰ ਏ ਬੀ ਪੀ ਨਿਊਜ਼ ਨੇ ਕਾਂਗਰਸ ਨੂੰ 126 ਅਤੇ ਭਾਜਪਾ ਨੂੰ 94 ਸੀਟਾਂ ਦਿੱਤੀਆਂ ਹਨ।

ਇਸ ਵਿੱਚੋਂ ਕੱਟ ਕੇ ਬਣਾਏ ਗਏ ਰਾਜ ਛੱਤੀਸਗੜ੍ਹ ਦੀ 90 ਮੈਂਬਰੀ ਵਿਧਾਨ ਸਭਾ ਲਈ ਐਲਾਨੇ ਚੋਣ ਸਰਵੇਖਣਾਂ ਅਨੁਸਾਰ ਰੀਪਬਲਿਕ-ਸੀ ਵੋਟਰ ਨੇ ਭਾਜਪਾ ਨੂੰ 35 ਤੋਂ 43 ਅਤੇ ਕਾਂਗਰਸ ਨੂੰ 40 ਤੋਂ 50 ਤੱਕ ਸੀਟਾਂ ਜਿੱਤਦੀ ਦੱਸਿਆ ਹੈ। ਨਿਊਜ਼ ਨੇਸ਼ਨ ਦੇ ਅਨੁਸਾਰ ਭਾਜਪਾ ਤੇ ਕਾਂਗਰਸ ਦੀ ਫਸਵੀਂ ਟੱਕਰ ਹੈ ਅਤੇ ਭਾਜਪਾ 38 ਤੋਂ 42 ਅਤੇ ਕਾਂ-ਗਰਸ 40 ਤੋਂ 44 ਸੀਟਾਂ ਜਿੱਤ ਸਕਦੀ ਹੈ। ਟਾਈਮਜ਼ ਨਾਓ ਨੇ ਛੱਤੀਸਗੜ੍ਹ ਵਿਚ ਭਾਜਪਾ ਨੂੰ ਬਹੁਮਤ ਲੈਂਦੀ ਦੱਸ ਕੇ ਦਾਅਵਾ ਕੀਤਾ ਹੈ ਕਿ ਉਹ 90 ਵਿੱਚੋਂ 46 ਸੀਟਾਂ ਜਿੱਤ ਜਾਵੇਗੀ। ਏ ਬੀ ਪੀ ਨਿਊਜ਼ ਚੈਨਲ ਨੇ ਵੀ ਭਾਜਪਾ ਨੂੰ 52 ਸੀਟਾਂ ਦੇ ਕੇ ਕਾਂਗਰਸ ਨੂੰ 35 ਸੀਟਾਂ ਦਿੱਤੀਆਂ ਹਨ, ਪਰ ਇੰਡੀਆ ਟੂਡੇ ਐਕਸਿਸ ਨੇ ਭਾਜਪਾ ਦੀ 15 ਸਾਲ ਪੁਰਾਣੀ ਰਮਨ ਸਿੰਘ ਸਰਕਾਰ ਦੇ ਹਾਰਨ ਦਾ ਦਾਅਵਾ ਕਰ ਕੇ ਕਿਹਾ ਹੈ ਕਿ ਭਾਜਪਾ ਸਿਰਫ 21 ਤੋਂ 31 ਸੀਟਾਂ ਉੱਤੇ ਸੁੰਗੜ ਜਾਵੇਗੀ। ਬਹੁਤੇ ਸਰਵੇਖਣਾਂ ਨੇ ਅਜੀਤ ਯੋਗੀ ਦੀ ਜਨਤਾ ਕਾਂਗਰਸ ਅਤੇ ਬਸਪਾ ਦੇ ਗੱਠਜੋੜ ਨੂੰ ਛੱਤੀਸਗੜ੍ਹ ਵਿੱਚ ਤਿੰਨ ਤੋਂ ਅੱਠ ਤੱਕ ਸੀਟਾਂ ਜਿੱਤਦੇ ਹੀ ਦੱਸਿਆ ਹੈ, ਪਰ ਇਹ ਗੱਠਜੋੜ ਏਥੇ ਸਰਕਾਰ ਬਣਾਉਣ ਵਿੱਚ ਅਹਿਮ ਸਾਬਤ ਹੋ ਸਕਦਾ ਹੈ।

ਜਦੋਂ ਬਹੁਤੇ ਸਰਵੇਖਣਾਂ ਵਿੱਚ ਛੱਤੀਸਗੜ੍ਹ ਅਤੇ ਮੱਧ ਪ੍ਰਦੇਸ਼ ਬਾਰੇ ਇੱਕ ਰਾਏ ਨਹੀਂ ਲੱਭੀ, ਓਦੋਂ ਰਾਜਸਥਾਨ ਵਿਚ ਬਹੁਤੇ ਸਰਵੇਖਣਾਂ ਨੇ ਕਾਂਗਰਸ ਦੀ ਜਿੱਤ ਪੱਕੀ ਦਿਖਾਈ ਹੈ। ਇੰਡੀਆ ਟੂਡੇ- ਐਕਸਿਸ ਨੇ ਰਾਜਸਥਾਨ ਵਿਚ ਕਾਂਗਰਸ ਨੂੰ 199 ਸੀਟਾਂ ਵਿਚੋਂ 119 ਤੋਂ 141 ਸੀਟਾਂ ਤੱਕ ਜਿੱਤਦੀ ਦੱਸਿਆ ਤੇ ਭਾਜਪਾ ਦੇ ਮਸਾਂ 55 ਤੋਂ ਤੋਂ 72 ਸੀਟਾਂ ਉੱਤੇ ਸੁੰਗੜ ਜਾਣ ਦੀ ਗੱਲ ਕਹੀ ਹੈ ਤਾਂ ਟਾਈਮਜ਼ ਨਾਓ-ਸੀ ਐਨ ਐਕਸ ਨੇ ਕਾਂਗਰਸ ਨੂੰ 105 ਅਤੇ ਭਾਜਪਾ ਨੂੰ 85 ਸੀਟਾਂ ਦਿੱਤੀਆਂ ਹਨ। ਸਾਰੇ ਚੈਨਲ ਹੀ ਲਗਭਗ ਕਾਂਗਰਸ ਨੂੰ ਜਿੱਤ ਗਈ ਦੱਸ ਰਹੇ ਹਨ। ਏਥੇ ਕੁੱਲ 200 ਸੀਟਾਂ ਹਨ। ਤਿਲੰਗਾਨਾ ਵਿਚ ਲਗਭਗ ਸਾਰੇ ਸਰਵੇਖਣਾਂ ਨੇ ਮੁੱਖ ਮੰਤਰੀ ਕੇ. ਚੰਦਰਸ਼ੇਖਰ ਰਾਓ ਦੀ ਅਗਵਾਈ ਵਿਚ ਤੇਲੰਗਾਨਾ ਰਾਸ਼ਟਰੀ ਸੰਮਤੀ ਦੀ ਸਰਕਾਰ ਇੱਕ ਵਾਰ ਫਿਰ ਬਣਦੀ ਦੱਸੀ ਹੈ। ਕੁਝ ਸਰਵੇਖਣਾਂ ਨੇ ਟੀ ਆਰ ਐੱਸ ਅਤੇ ਕਾਂਗਰਸ-ਤੇਲਗੂ ਦੇਸਮ ਵਿਚ ਕਾਂਟੇ ਦੀ ਟੱਕਰ ਦਿਖਾਈ ਹੈ। ਉੱਤਰ ਭਾਰਤੀ ਰਾਜ ਮੀਜ਼ੋਰਮ ਵਿੱਚ ਲਗਭਗ ਸਾਰੇ ਚੈਨਲਾਂ ਨੇ ਇਸ ਵਾਰੀ ਮੀਜ਼ੋਰਮ ਨੈਸ਼ਨਲ ਫਰੰਟ ਦੀ ਜਿੱਤ ਦਿਖਾਈ ਹੈ ਤੇ ਲਗਾਤਾਰ ਦੋ ਵਾਰੀਆਂ ਤੋਂ ਰਾਜ ਕਰ ਰਹੇ ਕਾਂਗਰਸ ਪਾਰਟੀ ਦੇ ਮੁੱਖ ਮੰਤਰੀ ਲਾਲਥਨਹਾਵਲਾ ਦੇ ਹਾਰ ਜਾਣ ਦੀ ਗੱਲ ਕੀਤੀ ਹੈ।

# ਜਹਾਜ਼ਾਂ ’ਚ ਮਹਿਲਾ ਸਟਾਫ ਦਾ ਵੀ ਸੈਕਸ ਸ਼ੋਸ਼ਣ ਹੁੰਦੈ

ਹਾਂਗਕਾਂਗ, 9 ਦਸੰਬਰ (ਪੋਸਟ ਬਿਊਰੋ)- ਹਾਂਗਕਾਂਗ ਦੇ ਜਹਾਜ਼ਾਂ ਦੀਆਂ ਮਹਿਲਾ ਪਾਇਲਟਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਕਈ ਵਾਰ ਸੈਕਸ ਸ਼ੋਸ਼ਣ ਝੱਲਣਾ ਪਿਆ ਹੈ। ‘ਮੀ ਟੂ’ ਅੰਦੋਲਨ ’ਚ ਇਨ੍ਹਾਂ ਨੇ ਸ਼ਿਕਾਇਤਾਂ ਵੀ ਕੀਤੀਆਂ ਹਨ।

ਇਸ ਬਾਰੇ ਹਾਂਗਕਾਂਗ ਦੀ ਇਕ ਪਾਇਲਟ ਨੇ ਕਿਹਾ ਕਿ ਉਨ੍ਹਾਂ ਨੂੰ ਨਾ ਸਿਰਫ ਯਾਤਰੀ ਪ੍ਰੇਸ਼ਾਨ ਕਰਦੇ ਹਨ, ਜਹਾਜ਼ ਦੇ ਕਰਿਊ ਸਟਾਫ ਵਾਲੇ ਵੀ ਘੱਟ ਨਹੀਂ। ਉਨ੍ਹਾਂ ਕਿਹਾ ਕਿ ਏਅਰ ਲਾਈਨਾਂ ਨੇ ਸਹੀ ਦਿਸ਼ਾ ’ਚ ਕੁਝ ਕਦਮ ਚੁੱਕੇ ਹਨ, ਪਰ ਉਹ ਅਜੇ ‘ਮੀ ਟੂ’ ਦੇ ਦੌਰ ਵਿੱਚ ਮਹੱਤਵ ਪੂਰਨ ਕਦਮ ਚੁੱਕਣ ਬਾਰੇ ਪਿੱਛੇ ਹਨ। ਹਾਂਗਕਾਂਗ ਕੈਬਿਨ ਅਟੈਂਡੈਂਟ ਯੂਨੀਅਨ ਦੀ ਅਗਵਾਈ ਕਰਨ ਵਾਲੀ ਵੇਨਸ ਫੰਗ ਨੇ ਕਿਹਾ ਕਿ ਏਅਰ ਲਾਈਨਾਂ ਨੂੰ ਆਪਣੇ ਸਟਾਫ ਨੂੰ ਪੀੜਤ ਹੋਣ ਤੋਂ ਬਚਣ ਬਾਰੇ ਵੀ ਜ਼ਰੂਰ ਦੱਸਣਾ ਚਾਹੀਦਾ ਹੈ। ਫੰਗ ਦਾ ਕਹਿਣਾ ਹੈ ਕਿ ਆਪਣੇ ਦੁਖੀ ਤਜਰਬੇ ਕਾਰਨ ਉਹ ਯੂਨੀਅਨ ’ਚ ਸ਼ਾਮਲ ਹੋਈ ਸੀ। ਉਸ ਨੇ ਦੱਸਿਆ ਕਿ ਜਦ ਉਹ ਇਸ ਨੌਕਰੀ ਵਿੱਚ ਨਵੀਂ ਸੀ ਤਾਂ ਇਕ ਪਾਇਲਟ ਨੇ ਉਸ ਨੂੰ ਗਲਤ ਢੰਗ ਨਾਲ ਹੱਥ ਲਾਇਆ ਸੀ। ਉਸ ਦਾ ਕਹਿਣਾ ਹੈ ਕਿ ਘਟਨਾ ਸਮੇਂ ਕੈਬਿਨ ਪ੍ਰਬੰਧਕ ਨੇ ਇਸ ਬਾਰੇ ਦਖਲ ਦੇਣ ਦੀ ਥਾਂ ਉਸੇ ਨੂੰ ਧਮਕੀ ਦੇ ਦਿੱਤੀ ਸੀ। ਅੱਜ ਕੱਲ੍ਹ ਉਹ ਇਕ ਯੂਰਪੀ ਏਅਰਲਾਈਨ ’ਚ ਕੰਮ ਕਰਦੀ ਹੈ।





ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

ਨੈਨੀ ਦੀ ਜ਼ਰੂਰਤ
ਅਬਨੀਜ਼ਰ ਅਤੇ ਗੋਰ ਦੇ ਏਰੀਏ ਵਿਚ ਕੁਕਿੰਗ ਅਤੇ ਕਲੀਨਿੰਗ ਲਈ ਅਤੇ 2 ਬੱਚਿਆਂ ਦੀ ਸਾਂਭ ਸੰਭਾਲ ਲਈ ਜੋ ਕੇ 4 ਅਤੇ 5 ਸਾਲ ਦੇ ਹਨ, ਸਕੂਲ ਜਾਂਦੇ ਹਨ, ਲਈ ਨੈਨੀ ਦੀ ਜਰੂਰਤ ਹੈ। ਆਪਣਾ ਟਰਾਂਸਪੋਟੇਸ਼ਨ ਹੋਣਾ ਅਤੇ ਪੀ ਆਰ ਦਾ ਹੋਣਾ ਜ਼ਰੂਰੀ ਹੈ। ਕੰਮ ਸ਼ਾਮ ਨੂੰ 2:30 ਤੋਂ 7:30 ਤੱਕ ਸੋਮਵਾਰ ਤੋਂ ਸ਼ੁਕਰਵਾਰ ਤੱਕ ਹੋਵੇਗਾ। ਜ਼ਿਆਦਾ ਜਾਣਕਾਰੀ ਲਈ ਦਿੱਤੇ ਨੰ. ’ਤੇ ਸੰਪਰਕ ਕੀਤਾ ਜਾ ਸਕਦਾ ਹੈ।
416-648-2455

AZ ਡਰਾਇਵਰਾਂ ਦੀ ਲੋੜ ਹੈ
“New Drivers are welcome”
• ਵਧੀਆ ਤਨਖਾਹ
• ਆਟੋਪਾਰਟਸ ਲਈ
• ਆਟੋਮੈਟਿਕ ਟੱਰਕ
ਸਿੰਗਲ ਡਰਾਇਵਰ ਦੀ U.S.A ਲਈ ਲੋੜ ਹੈ ਤੇ ਟੀਮ ਡਰਾਇਵਰਾਂ ਦੀ Texas ਲਈ ਡੈਡੀਕੇਟਡ ਰਨ ਲਈ ਲੋੜ ਹੈ
416.904.0715 | 647.456.8520

City Translogistics Co.
ਨੂੰ ਡਰਾਈਵਰਾਂ ਦੀ ਲੋੜ ਹੈ
– City ਲਈ $20/hour
– USA ਵਿੱਚ Pennsylvania, Maryland ਲਈ ਵਧੀਆ ਤਨਖਾਹ, ਵਧੀਆ ਮਾਹੋਲ ।
ਜਿਆਦਾ ਜਾਣਕਾਰੀ ਲਈ: 647-632-1742

RESIDENTIAL - COMMERCIAL
PROPERTY - INDUSTRIAL
KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

HOMELIFE SILVERCITY
Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

amar™
INTERMODAL • TRANSPORT • STORAGE
HIRING DRIVERS
for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

V4U LOGISTIC INC.
Delivering "Satisfaction"... On Time ...Every Time.
NOW HIRING
A/Z Drivers Needed
For Canada To US Runs
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
☆ Disability Insurance
☆ Travel Insurance
☆ Medical Benefits
☆ Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

A/Z ਡਰਾਈਵਰ ਅਤੇ ਉਨਰ ਅਪਰੇਟਰਾਂ ਦੀ ਲੋੜ
CAN TRUCK ਨੂੰ ਟੋਰਾਂਟੋ ਤੋਂ ਮੋਨਟ੍ਰੀਅਲ, ਵਿਨੀਪੈਗ, ਕੈਲਗਰੀ, ਵੈਨਕੁਵਰ ਅਤੇ ਟੋਰਾਂਟੋ ਤੋਂ USA, Michigan ਲਈ A/Z ਡਰਾਈਵਰਾਂ ਅਤੇ ਉਨਰ ਅਪਰੇਟਰਾਂ ਦੀ ਲੋੜ ਹੈ।
ਸਿਟੀ ਡਰਾਈਵਰ ਦੀ ਵੀ ਤੁਰੰਤ ਲੋੜ ਹੈ
- Everyday dedicated run
Single driver : 600-2000 miles
Team driver : 5500miles/weel for USA
- Yard to Yard work
- Per miles : $1.45
- Driver Rate : 48 cents
Call *Jagtar Raman* : (647) 292-5757
(905) 595-0408

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

# ਜਨਮ ਭੂਮੀ ਦੇ ਵਿਛੋੜੇ ਦਾ ਦੁੱਖ

-ਹਰਬੰਸ ਕੌਰ ਗਹਿਲ



ਮੇਰਾ ਦਾਦਕਾ ਪਰਵਾਰ '47 ਦੀ ਵੰਡ ਸਮੇਂ ਬਾਰ ਵਿੱਚੋਂ ਉਜੜ ਕੇ ਆਇਆ ਤੇ ਰਾਏਕੋਟ ਦੇ ਕੱਚੇ ਕਿਲ੍ਹੇ ਵਿੱਚ ਰੈਣ ਬਸੇਰਾ ਬਣਾ ਲਿਆ। ਮੇਰੇ ਪਿਤਾ ਜੀ ਉਸ ਸਮੇਂ 13-14 ਸਾਲਾਂ ਦੇ ਸਨ। ਉਹ ਪੰਜ ਭੈਣ ਭਰਾ ਸਨ। ਮਾਲਕ ਦਾ ਸ਼ੁਕਰ ਕਿ ਉਹ ਬਿਨਾ ਕਿਸੇ ਜਾਨੀ ਨੁਕਸਾਨ ਦੇ ਰਾਏਕੋਟ ਪਹੁੰਚ ਗਏ। ਸਰੀਰਕ ਤੌਰ ਉੱਤੇ ਉਹ ਬੇਸ਼ੱਕ ਸਾਰੇ ਸਹੀ ਸਲਾਮਤ ਪੂਰਬੀ ਪੰਜਾਬ ਆ ਗਏ ਸਨ, ਪਰ ਆਤਮਾ ਜਿਵੇਂ ਉਹ ਬਾਰ ਵਿੱਚ ਛੱਡ ਆਏ ਹੋਣ।

ਪਿਤਾ ਅਕਸਰ ਹੀ ਸਾਡੇ ਨਾਲ ਉਥੋਂ ਦੀਆਂ ਗੱਲਾਂ ਕਰਦੇ ਰਹਿੰਦੇ ਸਨ। ਉਹ ਦੱਸਿਆ ਕਰਦੇ ਸਨ ਕਿ ਉਨ੍ਹਾਂ ਦਾ ਪਿੰਡ ਚੱਕ ਬੂੜ ਸਿੰਘ ਸੀ। ਜਦੋਂ ਵੰਡ ਦਾ ਰੌਲਾ ਪਿਆ ਤਾਂ ਸਾਡੀ ਦਾਦੀ ਨੇ ਘਰ ਦਾ ਸਾਰਾ ਸਾਮਾਨ ਸੰਭਾਲ ਕੇ ਘਰ ਦੇ ਅੰਦਰ ਟਿਕਾ ਦਿੱਤਾ ਸੀ। ਆਸ ਸੀ ਕਿ ਦੋ ਚਾਰ ਮਹੀਨੇ ਨੂੰ ਜਦੋਂ ਟਿਕ ਟਕਾਅ ਹੋ ਜਾਵੇਗਾ ਤਾਂ ਵਾਪਸ ਆ ਜਾਣਗੇ, ਪਰ ਸ਼ਾਇਦ ਕਿਸਮਤ ਵਿੱਚ ਇਹ ਨਹੀਂ ਲਿਖਿਆ ਸੀ। ਮਿੱਠੀਆਂ ਰੋਟੀਆਂ ਅਤੇ ਭੁੱਜੇ ਛੋਲਿਆ ਨਾਲ ਆਪਣੇ ਬੱਚਿਆਂ ਦੀ ਭੁੱਖ ਸ਼ਾਂਤ ਕਰਦੇ ਹੋਏ, ਰਾਹ ਦੀਆਂ ਅਨੇਕ ਦੁਸ਼ਵਾਰੀਆਂ ਦਾ ਸਾਹਮਣਾ ਕਰਦੇ ਹੋਏ ਉਹ ਪੂਰਬੀ ਪੰਜਾਬ ਪੁੱਜੇ। ਵਸਦਾ ਰਸਦਾ ਪਰਵਾਰ ਪਲਾਂ ਵਿੱਚ ਸ਼ਰਨਾਰਥੀ ਹੋ ਗਿਆ ਸੀ। ਜਨਮ ਭੋਂਇ ਤੋਂ ਵਿਛੜਨ ਕਾਰਨ ਦਿਲ ਏਨਾ ਟੁੱਟਿਆ ਹੋਇਆ ਸੀ ਕਿ ਰਾਏਕੋਟ ਵਿੱਚ ਵੀ ਖਾਲੀ ਪਏ ਵੱਡੇ-ਵੱਡੇ ਮਕਾਨਾਂ ਦੇ ਬਾਵਜੂਦ ਦਾਦਾ ਜੀ ਨੇ ਗੁਜ਼ਾਰੇ ਲਈ ਬਹੁਤ ਥੋੜ੍ਹਾ ਜਿਹਾ ਥਾਂ ਰੋਕਿਆ। ਉਨ੍ਹਾਂ ਦੇ ਬੋਲ ਸਨ, 'ਕੀ ਕਰਨਾ ਬਹੁਤਾ ਰੋਕ ਕੇ, ਬਾਰ ਵਿੱਚ ਵੀ ਤਾਂ ਛੱਡ ਆਏ ਹਾਂ।'

ਪਿਤਾ ਜੀ ਦਾ ਵਿਆਹ ਵੰਡ ਤੋਂ 6-7 ਸਾਲ ਬਾਅਦ ਇਧਰਲੇ ਪੰਜਾਬ ਵਿੱਚ ਹੋਇਆ ਸੀ। ਇਸ ਕਰਕੇ ਸਾਡਾ ਜਨਮ ਇਧਰਲੇ ਪੰਜਾਬ ਦਾ ਹੈ। ਅਸੀਂ ਉਨ੍ਹਾਂ ਦੇ ਗਮਾਂ ਦਾ ਕੀ ਥਾਹ ਪਾ ਸਕਣਾ ਸੀ। ਜਦੋਂ ਉਹ ਉਧਰਲੇ ਪੰਜਾਬ ਦੀਆਂ ਗੱਲਾਂ ਕਰਦੇ ਤਾਂ ਸਾਡੇ ਲਈ ਉਹ ਮਾਮੂਲੀ ਗੱਲਾਂ ਨਹੀਂ ਸਨ। ਉਨ੍ਹਾਂ ਨੂੰ ਜਦੋਂ ਮੌਕਾ ਮਿਲਦਾ, ਲਾਹੌਰ, ਲਾਇਲਪੁਰ, ਉਥੋਂ ਦੇ ਮੇਲਿਆਂ, ਬਾਜ਼ਾਰਾਂ, ਫਸਲਾਂ, ਖੂਹਾਂ, ਦੋਸਤਾਂ ਦੀਆਂ ਲੰਬੀਆਂ ਗੱਲਾਂ ਕਰਦੇ। ਸਾਡੀ ਉਨ੍ਹਾਂ ਵਿੱਚ ਦਿਲਚਸਪੀ ਨਾ ਹੋਣ ਕਰਕੇ ਅਸੀਂ ਉਕਤਾ ਜਾਂਦੇ ਤੇ ਆਨੇ ਬਹਾਨੇ ਉਨ੍ਹਾਂ ਕੋਲੋਂ ਉਠ ਖੜੋਂਦੇ। ਕਈ ਵਾਰ ਸਾਡੀ ਦਿਲਚਸਪੀ ਹੋ ਜਾਣੀ।

ਅਸੀਂ ਗਰੀਬ ਪਰਵਾਰ ਨਾਲ ਸਬੰਧ ਰੱਖਦੇ ਸੀ। ਪਿਤਾ ਰਾਜਗਿਰੀ ਦਾ ਕੰਮ ਕਰਦੇ, ਗੁਜ਼ਾਰਾ ਕਰਦੇ। ਸਾਰੀ ਉਮਰ ਸਖਤ ਮਿਹਨਤ ਕੀਤੀ। ਉਨ੍ਹਾਂ ਨੇ ਇਮਾਨਦਾਰੀ ਅਤੇ ਗੁਰਸਿੱਖੀ ਦਾ ਜੀਵਨ ਬਤੀਤ ਕੀਤਾ। ਰੋਜ਼ ਸਵੇਰੇ ਉਠਣ ਸਾਰ ਗੁਰਦੁਆਰੇ ਜਾਣਾ, ਵੰਡ ਕੇ ਛਕਣਾ, ਸਾਦਾ ਜੀਵਨ ਬਤੀਤ ਕਰਨਾ, ਇਹ ਉਨ੍ਹਾਂ ਦੇ ਜੀਵਨ ਦੇ ਅਹਿਮ ਗੁਣ ਸਨ। ਉਹ ਜ਼ਿੰਦਗੀ 'ਚ ਇਕ ਵਾਰ ਜਨਮ ਭੂਮੀ ਵੇਖਣਾ ਚਾਹੁੰਦੇ ਸਨ। ਆਰਥਿਕ ਮਜਬੂਰੀ ਅਤੇ ਪਾਕਿਸਤਾਨ ਜਾਣ ਦੀਆਂ ਕਾਗਜ਼ੀ ਕਾਰਵਾਈਆਂ ਤੋਂ ਅਣਜਾਣ ਹੋਣ ਕਾਰਨ ਅਸੀਂ ਉਨ੍ਹਾਂ ਦੀ ਇਹ ਇੱਛਾ ਪੂਰੀ ਕਰਨ ਤੋਂ ਅਸਮਰੱਥ ਰਹੇ।

ਜਦੋਂ ਅਸੀਂ ਆਰਥਿਕ ਤੌਰ 'ਤੇ ਥੋੜ੍ਹਾ ਮਜ਼ਬੂਤ ਹੋਏ, ਵੀਜ਼ੇ ਵਗੈਰਾ ਬਾਰੇ ਵੀ ਜਾਣੂ ਹੋਏ, ਉਦੋਂ ਤੱਕ ਪਿਤਾ ਜੀ ਜ਼ਿਆਦਾ ਬਜ਼ੁਰਗ ਹੋ ਗਏ। ਉਨ੍ਹਾਂ ਨੂੰ ਲੈ ਕੇ ਜਾਣਾ ਮੁਸ਼ਕਲ ਹੋ ਗਿਆ। ਮੇਰਾ ਭਤੀਜਾ ਜਦੋਂ ਨੈਟ ਤੋਂ ਉਨ੍ਹਾਂ ਨੂੰ ਉਨ੍ਹਾਂ ਦਾ ਪਿੰਡ ਦਿਖਾਉਂਦਾ ਤਾਂ ਉਨ੍ਹਾਂ ਦੀਆਂ ਅੱਖਾਂ ਵਿੱਚ ਅਜੀਬ ਚਮਕ ਹੁੰਦੀ।

ਦੋ ਜਨਵਰੀ 2017 ਨੂੰ ਮੇਰੀ ਪਿਤਾ ਜੀ ਨਾਲ ਆਖਰੀ ਮਿਲਣੀ ਸੀ। ਉਸ ਦਿਨ ਵੀ ਉਨ੍ਹਾਂ ਮੇਰੇ ਨਾਲ ਬਾਰ ਦੀ ਗੱਲ ਛੋਹੀ। ਕਹਿਣ ਲੱਗੇ, ਸਭ ਕੁਝ ਬਾਰ ਵਰਗਾ ਹੀ ਹੈ। ਉਸੇ ਤਰ੍ਹਾਂ ਫਸਲਾਂ, ਉਹੋ ਜਿਹੇ ਲੋਕ। ਉਸ ਸਮੇਂ ਅਸੀਂ ਘਰ ਦੀ ਛੱਤ ਉੱਤੇ ਬੈਠੇ ਸਨ। ਸ਼ਾਇਦ ਉਹ ਉਸ ਭੂਮੀ ਦੇ ਦਰਸ਼ਨਾਂ ਦੀ ਆਸ ਮੁਕਾ ਬੈਠੇ ਸੀ ਅਤੇ ਹੁਣ ਇਥੇ ਦੇ ਆਲੇ ਦੁਆਲੇ ਨੂੰ ਉਸ ਧਰਤੀ ਨਾਲ ਜੋੜ ਕੇ ਦੇਖ ਰਹੇ ਹਨ। 20 ਕੁ ਦਿਨਾਂ ਬਾਅਦ ਉਹ ਪ੍ਰਲੋਕ ਸਿਧਾਰ ਗਏ। ਜਨਮ ਭੂਮੀ ਨੂੰ ਨਾ ਦੇਖ ਸਕਣ ਦਾ ਦਰਦ ਦਿਲ ਵਿੱਚ ਸਮੇਟੀ ਉਹ ਅਹਿਲ ਪਏ ਸਨ ਅਤੇ ਮੈਨੂੰ 20 ਦਿਨ ਪਹਿਲਾਂ ਦੀਆਂ ਗੱਲਾਂ ਯਾਦ ਆ ਰਹੀਆਂ ਸਨ।

# ਕਵਿਤਾ ਮੁਕਾਬਲਾ, ਸਾਈਕਲ ਦੀ ਟੱਲੀ ਤੇ ਜ਼ਿੰਦਗੀ

-ਨਿਰਮਲ ਜੌੜਾ

ਗੱਲ ਫਰੀਦਕੋਟ ਦੇ ਬਰਜਿੰਦਰ ਕਾਲਜ ਵਿੱਚ ਬੀ ਐੱਸ ਸੀ ਕਰਨ ਵੇਲੇ ਦੀ ਹੈ, ਪ੍ਰੋ. ਦਲਬੀਰ ਸਿੰਘ ਨੇ ਭਾਈ ਆਸਾ ਸਿੰਘ ਕਾਲਜ, ਗੋਨਿਆਣਾ ਹੋ ਰਹੇ ਅੰਤਰ ਕਾਲਜ ਕਵਿਤਾ ਮੁਕਾਬਲੇ ਦਾ ਕਾਰਡ ਦੇ ਕੇ ਕਿਹਾ, 'ਉਹ ਕੁੜੀਆਂ ਦਾ ਕਾਲਜ ਆ, ਇਸ ਕਰ ਕੇ ਪ੍ਰਿੰਸੀਪਲ ਨੇ ਕਿਹਾ ਕਿ ਟੀਮ ਵਿੱਚ ਇੱਕ ਵਿਦਿਆਰਥਣ ਜ਼ਰੂਰ ਭੇਜੋ।' ਸੋਚਦੇ ਸੋਚਦੇ ਆਪ ਈ ਆਖਣ ਲੱਗੇ, 'ਸੈਕਿੰਡ ਯੀਅਰ ਵਿੱਚ ਮੇਰੀ ਇੱਕ ਸਟੂਡੈਂਟ ਆ, ਚੰਗੀ ਪੰਜਾਬੀ ਬੋਲਦੀ ਆ, ਪਰ ਕਾਫੀ ਸੰਗਾਊ ਆ। ਦੇਖਦੇ ਆਂ, ਤੂੰ ਦੋ ਕਵਿਤਾਵਾਂ ਲਿਖ ਕੇ ਇੱਕ ਵਜੇ ਕੰਟੀਨ ਵਿੱਚ ਆਜੀਂ।'

ਮੈਂ ਸੁਰਜੀਤ ਪਾਤਰ ਦੀ ਕਵਿਤਾ 'ਲੱਗੀ ਨਜ਼ਰ ਪੰਜਾਬ ਨੂੰ' ਤੇ ਇੱਕ ਆਪਣੇ ਸਾਥੀ ਤੇਜਵਿੰਦਰ ਦੀ 'ਵਾਵਰੋਲਾ' ਲਿਖ ਕੇ ਲੈ ਗਿਆ। ਉਨ੍ਹਾਂ ਪਾਤਰ ਦੀ ਕਵਿਤਾ ਕੁੜੀ ਨੂੰ ਦਿੱਤੀ ਤੇ ਵਾਵਰੋਲਾ ਮੈਨੂੰ। ਕੁੜੀ ਬਹੁਤ ਸੰਗਾਊ ਸੀ, ਮੈਂ ਵੀ ਕਾਫੀ ਝਿਜਕਦਾ ਸੀ। ਤਿਆਰੀ ਕਰਦਿਆਂ ਇੱਕ ਘੰਟਾ ਅਸੀਂ ਇੱਕ ਦੂਜੇ ਨਾਲ ਕੋਈ ਗੱਲ ਨਾ ਕੀਤੀ। ਪ੍ਰੋਫੈਸਰ ਨੇ ਸਾਡੀਆਂ ਕਵਿਤਾਵਾਂ ਸੁਣੀਆਂ, 'ਬਹੁਤ ਵਧੀਆ, ਦੇਖੋ ਕੱਲ੍ਹ ਐਤਵਾਰ ਆ, ਸੋਮਵਾਰ ਮੈਂ ਛੁੱਟੀ ਉੱਤੇ ਆਂ, ਤਿਆਰੀ ਕਰਦੇ ਰਹਿਣਾ। ਮੰਗਲਵਾਰ ਆਪਾਂ ਸੱਤ ਵਜੇ ਕਾਲਜ ਤੋਂ ਚੱਲਾਂਗੇ।' ਕਹਿ ਕੇ ਉਹ ਚਲੇ ਗਏ। ਤੇਜਵਿੰਦਰ ਨੇ ਸ਼ਨੀਵਾਰ ਦੇਰ ਰਾਤ ਤੱਕ ਅਤੇ ਐਤਵਾਰ ਨੂੰ ਦਿਨੇ ਵੀ ਮੇਰੀ ਤਿਆਰੀ ਕਰਵਾਈ।

ਸੋਮਵਾਰ ਨੂੰ ਉਹ ਕੁੜੀ ਉਦਾਸ ਚਿਹਰੇ ਨਾਲ ਆਈ, 'ਮੈਂ ਨੀ ਜਾ ਸਕਦੀ ਗੋਨਿਆਣਾ ਕਾਲਜ, ਮੇਰੇ ਘਰਦਿਆਂ ਨੇ ਮਨ੍ਹਾ ਕਰਤਾ।' ਕਾਹਲੀ ਕਾਹਲੀ ਆਖ ਕੇ ਜਾਣ ਲੱਗੀ ਨੂੰ ਜਦੋਂ ਮੈਂ ਬੁਲਾਉਣ ਲੱਗਾ ਤਾਂ ਉਹਦੀ ਉਦਾਸੀ ਵਿੱਚ ਗੁੱਸਾ ਵੀ ਰਲ ਗਿਆ, 'ਜਦੋਂ ਮੈਂ ਕਹਿਤਾ, ਘਰਦੇ ਨਹੀਂ ਮੰਨਦੇ ਮੇਰੇ'। ਕਵਿਤਾ ਦਾ ਵਰਕਾ ਮੈਨੂੰ ਫੜਾ ਕੇ ਉਹਨੇ ਕੰਪੀਟੀਸ਼ਨ 'ਤੇ ਜਾਣ ਦਾ ਵਰਕਾ ਈ ਪਾੜ ਦਿੱਤਾ। ਪ੍ਰੋ. ਦਲਬੀਰ ਸਿੰਘ ਛੁੱਟੀ 'ਤੇ ਸੀ। ਮੈਂ ਤੇਜਵਿੰਦਰ ਨੂੰ ਦੱਸਿਆ। ਅਸੀਂ ਦੋਵਾਂ ਨੇ ਦਿਨ ਵਿੱਚ ਦੋ-ਤਿੰਨ ਵਾਰ ਉਸ ਕੁੜੀ ਨੂੰ ਬੁਲਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਮੂੰਹ ਪਾਸੇ ਕਰ ਲੈਂਦੀ। ਢੇਰੀਆਂ ਢਾਹ ਕੇ ਜਦੋਂ ਕਾਲਜੋਂ ਜਾਣ ਲੱਗਾ ਤਾਂ ਉਹ ਸਾਈਕਲ ਸ਼ੈਡ ਵੱਲ ਜਾ ਰਹੀ ਸੀ। ਮੈਂ ਸਟੇਜ ਉੱਤੇ ਜਿੰਨਾ ਮਰਜ਼ੀ ਬੋਲ ਲੈਂਦਾ, ਪਰ ਇਸ ਤਰ੍ਹਾਂ ਕਿਸੇ ਕੁੜੀ ਨਾਲ ਗੱਲ ਕਰਨੋਂ ਡਰਦਾ ਸੀ, ਸ਼ਾਇਦ ਉਸ ਦਿਨ ਮੇਰੇ 'ਤੇ ਕਵਿਤਾ ਮੁਕਾਬਲੇ 'ਚ ਜਾਣ ਦਾ ਐਸਾ ਭੂਤ ਸਵਾਰ ਸੀ ਕਿ ਮੈਂ ਬਿਨਾਂ ਸੋਚੇ ਸ਼ੈੱਡ ਵਿੱਚ ਜਾ ਵੜਿਆ, "ਇੱਕ ਮਿੰਟ ਜੀ ਗੱਲ ਕਰਨੀ ਆ।"

"ਕੀ ਗੱਲ ਕਰਨੀ ਆ" ਉਹ ਘਬਰਾ ਗਈ।

"ਗੱਲ ਏਹੀ! ਬਈ ਜਦੋਂ ਤਿਆਰੀ ਕੀਤੀ ਆ ਤਾਂ ਆਪਾਂ ਨੂੰ ਜਾਣਾ ਚਾਹੀਦਾ ਹੈ।" ਮੈਂ ਅੜ ਅੜ ਕੇ ਡਰ ਡਰ ਕੇ ਬੋਲ ਰਿਹਾ ਸੀ।

"ਜਦੋਂ ਕਿਹਾ ਕਿ ਘਰ ਦੇ ਨਹੀਂ ਮੰਨਦੇ" ਉਸ ਦੀ ਆਵਾਜ਼ ਖ਼ਿੜਕਣ ਲੱਗੀ। ਮੈਂ ਮਜਬੂਰੀ ਦੱਸ ਰਿਹਾ ਸੀ ਕਿ ਟੀਮ ਖਰਾਬ ਹੋ ਜਾਏਗੀ। ਉਹ ਮਜਬੂਰੀ ਦੱਸ ਰਹੀ ਸੀ ਕਿ ਘਰ ਦਿਆਂ ਦੀ ਮਰਜ਼ੀ ਤੋਂ ਬਿਨਾਂ ਉਹ ਨਹੀਂ ਜਾ ਸਕਦੀ। ਘਬਰਾਏ ਹੋਏ ਅਸੀਂ ਇੱਕ ਦੂਜੇ ਨਾਲ ਬਿਨਾਂ ਅੱਖ ਮਿਲਾਏ ਬਹਿਸ ਰਹੇ ਸੀ। ਗੱਲ ਕਲਦੇ ਕਰਦੇ ਦਾ ਮੇਰਾ ਕੰਬਦਾ ਹੱਥ ਉਹਦੇ ਸਾਈਕਲ ਦੀ ਟੱਲੀ 'ਤੇ ਜਾ ਟਿਕਿਆ। ਹੱਥ ਦੀ ਕੰਬਣੀ ਰੋਕਣ ਲਈ ਮੈਂ ਟੱਲੀ ਨੂੰ ਜ਼ੋਰ ਦੀ ਪਕੜ ਲਿਆ। ਸੋਚਾਂ ਸੋਚਾਂ ਵਿੱਚ ਟੱਲੀ ਘੁੰਮ ਗਈ ਤੇ ਉਤਲਾ ਹਿੱਸਾ ਖੁੱਲ੍ਹ ਕੇ ਮੇਰੇ ਹੱਥ 'ਚ ਆ ਗਿਆ।



"ਇਹ ਕੀ ਕੀਤਾ?" ਮੇਰੇ ਹੱਥ 'ਚ ਆਈ ਟੱਲੀ ਦੇਖ ਕੇ ਉਹਨੂੰ ਗੁੱਸਾ ਆ ਗਿਆ।

"ਮੈਂ ਨੀਂ ਖੋਲ੍ਹੀ, ਆਪਣੇ ਖੁੱਲ੍ਹਗੀ।"

"ਆਪੇ ਕਿਵੇਂ ਖੁੱਲ੍ਹਗੀ?" ਉਹਦੇ ਚਿਹਰੇ ਦਾ ਨੂਰ ਲਾਟ ਬਣਦਾ ਨਜ਼ਰ ਆਇਆ।

ਘਬਰਾਹਟ ਵਿੱਚ ਟੱਲੀ ਦਾ ਨੱਟ ਥੱਲ੍ਹੇ ਡਿੱਗ ਪਿਆ। ਮੈਨੂੰ ਨਟ ਨਾ ਥਿਆਵੇ। ਥੱਲੇ ਡਿੱਗਣ ਸਾਰ ਕਿਤੇ ਬੁੜਕ ਕੇ ਇਧਰ ਉਧਰ ਹੋ ਗਿਆ।

"ਹੁਣ ਮੈਂ ਕੀ ਕਰੂੰ ਘਰੋਂ ਝਿੜਕਾਂ ਪੈਣਗੀਆਂ।" ਸਟੈਂਡ 'ਤੇ ਸਾਈਕਲ ਖੜ੍ਹਾ ਕੇ ਉਹ ਨਟ ਲੱਭਣ ਲੱਗ ਪਈ।

ਦੂਰੋਂ ਸਕਿਓਰਿਟੀ ਗਾਰਡ ਦੇਖਦਾ ਦੇਖਦਾ ਕੋਲ ਆ ਗਿਆ।

"ਕੀ ਗੱਲ ਹੋ ਗਈ ਬੀਬਾ।"

"ਟੱਲੀ ਖੋਲ੍ਹਤੀ ਮੇਰੇ ਸਾਈਕਲ ਦੀ" ਮੇਰੇ ਵੱਲ ਘੂਰਦੀ ਘੂਰਦੀ ਨੇ ਉਹਨੇ ਸ਼ਿਕਾਇਤ ਵਾਂਗ ਕਿਹਾ।

ਗਾਰਡ ਮੈਨੂੰ ਮੁਜ਼ਰਿਮਾਂ ਵਾਂਗ ਦੇਖ ਰਿਹਾ ਸੀ, "ਕਿਉਂ ਕਾਕਾ, ਕਿਉਂ ਖੋਲ੍ਹੀ ਟੱਲੀ।"

"ਮੈਂ ਜਾਣ ਕੇ ਨੀਂ ਖੋਲ੍ਹੀ ਜੀ" ਮੈਂ ਸਫਾਈ ਦੇ ਰਿਹਾ ਸੀ, ਪਰ ਕੁੜੀ ਗੁੱਸੇ 'ਚ ਭਰੀ ਪੀਤੀ ਪਈ ਸੀ।

"ਕਾਕਾ ਪਹਿਲਾਂ ਤਾਂ ਦੱਸ ਬਈ ਤੂੰ ਇਥੇ ਕਰਨ ਕੀ ਆਇਆ ਸੀ?" ਮੈਂ ਸੋਚਣ ਲੱਗ ਪਿਆ ਕਿ ਕੀ ਆਖਾਂ। ਮੈਨੂੰ ਚੁੱਪ ਦੇਖ ਕੇ ਗਾਰਡ ਨੇ ਹੋਰ ਸਿਰੇ ਦੀ ਗੱਲ ਕੀਤੀ "ਟੱਲੀਆਂ ਚੋਰੀ ਹੋਣ ਦੀ ਸ਼ਿਕਾਇਤ ਪਹਿਲਾਂ ਵੀ ਕਈ ਵਾਰ ਆਈ ਆ, ਵੀਹ ਪੱਚੀ ਟੱਲੀਆਂ ਚੋਰੀਆਂ ਹੋਈਆਂ ਏਸੇ ਸਾਲ।" ਚੋਰੀ ਹੋਈਆਂ ਸਾਰੀਆਂ ਟੱਲੀਆਂ ਮੇਰੇ ਸਿਰ ਪਾਉਣ ਲਈ ਗਾਰਡ ਅੱਖਾਂ ਗੱਡੀ ਖੜ੍ਹਾ ਸੀ।

"ਮੈਂ ਚੋਰੀ ਕਰ ਕੇ ਕੀ ਕਰਨੀ ਆ ਟੱਲੀ।" ਮੈਂ ਸਫਾਈ ਪੇਸ਼ ਕਰਦਾ ਕਰਦਾ ਕੁੜੀ ਵੱਲ ਵੇਖ ਰਿਹਾ ਸੀ ਕਿ ਸ਼ਾਇਦ ਤਰਸ ਦੇ ਆਧਾਰ 'ਤੇ ਮੇਰੇ ਵੱਲ ਭੁਗਤ ਜਾਵੇ, ਪਰ ਉਹ ਰੋਣਹਾਕੀ ਹੋਈ ਖੜ੍ਹੀ ਸੀ।

ਗਾਰਡ ਨੇ ਅੱਗੋਂ ਹੋਰ ਚੰਨ ਚਾੜ੍ਹ ਦਿੱਤਾ "ਮੈਨੂੰ ਸਭ ਪਤਾ ਕਾਕਾ। ਸ਼ਾਮ ਨੂੰ ਜਦੋਂ ਕੰਟੀਨ ਬੰਦ ਹੋ ਜਾਂਦੀ ਆ ਤੁਸੀਂ ਫੇਰ ਟੱਲੀ 'ਚ ਪਾ ਕੇ ਸ਼ਰਾਬ ਪੀਨੇ ਆਂ। ਪ੍ਰਿੰਸੀਪਲ ਨੂੰ ਕਈ ਪ੍ਰੋਫੈਸਰਾਂ ਨੇ ਸ਼ਿਕਾਇਤ ਕੀਤੀ ਆ।" ਇਸ ਦੋਸ਼ ਦੀ ਸਫਾਈ ਮੈਂ ਸਿੱਧੀ ਕੁੜੀ ਨੂੰ ਦੇਣ ਲੱਗ ਪਿਆ 'ਸ਼ਰਾਬ ਕਿਥੋਂ ਆਗੀ, ਮੈਂ ਕਦੇ ਹੱਥ ਨੀ ਲਾਇਆ ਸ਼ਰਾਬ ਨੂੰ।'

"ਮੇਰੇ ਵੱਲੋਂ ਜੋ ਮਰਜ਼ੀ ਪੀ, ਪਰ ਨਟ ਲੱਭ ਕੇ ਟੱਲੀ ਕਸਦੇ।" ਉਸ ਦੀ ਕੋਮਲਤਾ ਕੁਰੱਖਤ ਹੋ ਗਈ।

"ਤੂੰ ਕਾਕਾ ਬੈਠ ਉਥੇ ਮੇਰੇ ਆਲੇ ਸਟੂਲ 'ਤੇ, ਮੈਂ ਵਿਹਲਾ ਹੋ ਕੇ ਪ੍ਰਿੰਸੀਪਲ ਸਾਹਿਬ ਦੇ ਦਫਤਰ ਤੈਨੂੰ ਲੈ ਕੇ ਚਲਦਾ।" ਗਾਰਡ ਦੀ ਗੱਲ ਨੇ ਮੇਰੇ ਅੰਦਰ ਹਲਚਲ ਮਚਾ ਦਿੱਤੀ। ਕੁੜੀ ਦੇ ਮੱਥੇ ਦੀਆਂ ਤਿਊੜੀਆਂ ਤੇ ਮੇਰਾ ਡਰ ਵਧੀ ਜਾਂਦਾ ਸੀ।

ਤੁਰੇ ਜਾਂਦੇ ਪ੍ਰੋ. ਜਲੌਰ ਸਿੰਘ ਖੀਵਾ ਵੀ ਮੈਨੂੰ ਦੇਖ ਕੇ ਸਾਈਕਲ ਸ਼ੈਡ ਵੱਲ ਆਗੇ, "ਕੀ ਗੱਲ ਇਥੇ ਖੜ੍ਹਾ ਏਂ?" ਪੁੱਛਿਆ ਤਾਂ ਉਨ੍ਹਾਂ ਨੇ ਸੁਭਾਵਿਕ ਹੀ ਸੀ, ਪਰ ਉਸ ਵੇਲੇ ਹਾਲਾਤ ਇਸ ਤਰ੍ਹਾਂ ਦੇ ਸੀ ਕਿ ਉਨ੍ਹਾਂ ਦਾ ਇਹ ਸਵਾਲ ਮੈਨੂੰ ਸੀ ਬੀ ਆਈ ਦੀ ਇੰਟੈਰੋਗੇਸ਼ਨ ਵਾਂਗ ਲੱਗਾ।

ਮੇਰੇ ਤੋਂ ਪਹਿਲਾਂ ਗਾਰਡ ਬੋਲ ਪਿਆ, "ਆਹ ਦੇਖੋ ਸਾਹਬ ਜੀ, ਟੱਲੀ ਖਰਾਬ ਕਰਤੀ ਕੁੜੀ ਦੇ ਸਾਈਕਲ ਦੀ।"

'ਕਾਹਨੂੰ ਸਰ, ਗੱਲ ਹੋਰ ਦੀ ਹੋਰ ਈ ਬਣਗੀ ਜੀ।' ਮੈਂ ਖੀਵਾ ਸਾਹਿਬ ਨੂੰ ਗੱਲ ਦੱਸਣ ਲੱਗਾ।

ਗਾਰਡ ਰਜਿਸਟਰ ਖੋਲ੍ਹ ਕੇ ਆਖਣ ਲੱਗਾ "ਕਾਕਾ ਨਾਮ ਲਿਖਾ ਆਪਣਾ।"

"ਛੱਡੋ ਫੌਜੀ ਸਾਹਿਬ, ਇਹਨੂੰ ਜਾਣਦਾ ਮੈਂ। ਮੁੰਡਾ ਸਾਊ ਆ, ਜੇ ਕੋਈ ਗੱਲ ਹੋਈ ਤਾਂ ਮੇਰੇ ਨਾਲ ਕਰ ਲਿਓ।" ਪ੍ਰੋਫੈਸਰ ਸਾਹਿਬ ਨੇ ਕੁੜੀ ਤੋਂ ਟੱਲੀ ਦਾ ਉਤਲਾ ਹਿੱਸਾ ਫੜ ਲਿਆ, "ਤੂੰ ਵੀ ਘਬਰਾ ਨਾ ਬੇਟਾ, ਆਪਾਂ ਸਾਈਕਲਾਂ ਵਾਲੇ ਤੋਂ ਨਟ ਲੈ ਕੇ ਟੱਲੀ ਕੱਸ ਲੈਨੇ ਆਂ।"

ਅੱਗੋਂ ਮਸਲੇ ਦਾ ਰੁਖ਼ ਬਦਲਦਿਆਂ ਉਹ ਆਖਣ ਲੱਗੇ, "ਇਹ ਜ਼ਿੰਦਗੀ ਵੀ ਟੱਲੀ ਵਾਂਗ ਈ ਆ। ਜੇ ਠੀਕ ਹੋਵੇ ਤਾਂ ਟਰਨ ਟਰਨ ਕਰਦੀ ਸਾਰੇ ਰਾਹ ਸਾਫ ਕਰਾਉਂਦੀ ਜਾਂਦੀ ਆ, ਪਰ ਜੇ ਥੋੜ੍ਹਾ ਜਿਹਾ ਵਿਗਾੜ ਪੈ ਜੇ ਤਾਂ ਕਬਾੜ ਬਣ ਜਾਂਦੀ ਆ। ਟੱਲੀ ਦਾ ਤਾਂ ਸਰਜੂ, ਪਰ ਜ਼ਿੰਦਗੀ ਦਾ ਕੋਈ ਨਟ ਨਈ ਗੁਆਚਣਾ ਚਾਹੀਦਾ।"

ਉਨ੍ਹਾਂ ਨਾਲ ਜਾਂਦੇ ਜਾਂਦੇ ਕੁੜੀ ਦੇ ਮੱਥੇ ਦੀਆਂ ਤਿਊੜੀਆਂ ਤੇ ਮੇਰਾ ਡਰ, ਦੋਵੇਂ ਦੂਰ ਹੋ ਰਹੇ ਸਨ।

Tri-City Professional Realty Inc., Brokerage

Number 1 Tri-City agent in Canada on basis of sales volume 2015

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਦਿਵਾਣਾ


ਫੋਨ: 416 802 5866

Tel: 905.793.5777



31 Melanie Dr. Unit #4 Brampton, ON L6T 5H8

Avtar Singh Tiwana
Sales Rep



SOLD
$645,000
Darcel/Brandon Gate
ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੌਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੌਰ।



FOR SALE
$799,900
Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।



FOR SALE
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।



FOR SALE
$1,129,900
Castlemore/Goreway
4 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, 3500 ਸਕੇਅਰ ਫੁੱਟ, ਹਾਰਡਵੁਡ ਫਲੋਰ, ਮੇਨ ਫਲੋਰ ਨੂੰ ਡੇਨ, ਬੈਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ ਦੇ ਨੇੜੇ।

jobs! jobs! jobs! jobs! jobs!

DUNDAS·JAFINE

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Road – See Kamal 905-458-4733
80 West Drive – See Ravinder 905-450-7200

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

Action Kitchen & Bath Inc

MANUFACTURE OF FINE CUSTOM KITCHEN AND BATH VANITIES

BUY DIRECT FROM THE FACTORY AND SAVE


ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ



SPECIAL DISCOUNT FOR CONTRACTORS

Custom Kitchen & Vanities ● Granite Countertops
Complete Kitchen & Bathroom Renovations
3D Computer Design

We will beat any written quote by 10%



Call for FREE In-Home Estimate

905-799-7277 or 1-800-536-2480

Mon - Fri : 9am to 6pm Sat: 11am - 4pm
Sun: APPOINTMENT ONLY

actionkitchen@live.ca
www.actionkitchen.ca

8 Starthern Ave, Unit 1 & 2, Brampton (South of Steeles facing Dixie)

BEST CANADIAN TRUCK & FORKLIFT TRAINING CENTRE

Registered as a Private Career College Under the Private Career Colleges Act. 2005



* AZ Tractor Trailer Program
* Manual Transmission & Backup Training Everyday
* We Welcome Welfare & Workers Compensation Clients

**SPECIAL**
Forklift Re-Certification
Only $69

Cell: 416-670-3173
Tell: 905-799-7333

Open 7 Days

27-B Edvac Drive, Brampton, ON L6S 5X8



Karnail Singh

# WELCOME TO 85 RIVERWOOD TERR. IN BOLTON





Bolton's most prestigious South Hill Neighbourhood! Rarely offered detached home with 4 bedroom & 3.5 baths. Impeccably maintained by the original owners. Professionally finished open concept basement. Beautiful curb appeal with stone steps, interlock walkway, and new front entrance door. Great layout with combined living/dining room and spacious family room with gas fireplace. Updated family size kitchen overlooks the tranquil landscaped rear yard. Turn key property and move in ready.



**Offered at $799,000**

Dir: 416.508.4620
Off: 416.743.5000
www.VinceManzone.com
vmanzone@rogers.com

## VINCE MANZONE
SALES REPRESENTATIVE

ROYAL LEPAGE
Real Estate PROFESSIONALS
BROKERAGE INDEPENDENTLY OWNED & OPERATED



## ਰੋਟਰੀ ਕਲੱਬ
ਪੇਸ਼ ਕਰਦਾ ਹੈ

## Malton Multicultural Winter Festival

**ਆਪਣਾ ਭਾਈਚਾਰਕ ਮੇਲਾ 2018**



ਕਦੋਂ :- ਦਿਸੰਬਰ 15, 2018
ਸਮਾਂ :- 12:00 ਤੋਂ 5:00 ਵਜੇ ਸ਼ਾਮ ਤੱਕ

Location: Lincoln M Alexander Secondary School
3545 Morning Star Drive, Mississauga/Malton

- ਪ੍ਰਵਾਰਿਕ ਮਨੋਰੰਜਨ ਅਤੇ ਮੇਲ ਮਿਲਾਪ
- ਰੰਗਾ ਰੰਗ ਮਲਟੀਕਲਚਰਲ ਪ੍ਰੋਗਰਾਮ
- ਖਾਣ-ਪੀਣ
- ਪਬਲਿਕ ਮੁਦਿਆਂ ਤੇ ਗੱਲ-ਬਾਤ

**ਦਾਖਲਾ ਮੁੱਫਤ**

ਪ੍ਰੋਗਰਾਮ ਮੁਖੀ ਅਹਿਸਾਨ ਖੰਡਕਾਰ: 416-457-5597
ਪੰਜਾਬ ਪੈਵੀਲੀਅਨ ਪ੍ਰਿਥਪਾਲ ਸਿੰਘ ਚੱਗਰ: 416-894-4950
ਕਵਲਜੀਤ ਸਿੰਘ ਲੋਟੇ: 416-818-3334
DISHA ਦਿਸ਼ਾ ਗਰੁਪ ਸੁਰਜੀਤ ਕੌਰ: 416-605-3784
ਮਾਲਟਨ ਵੋਮਿਨ ਕਾਉਸਲ ਹਾਫਜ਼ਾ ਤਕਦੀਸ਼: 416-473-9275
ਗਲੋਬਲ ਪ੍ਰਸਪੈਕਟਿਵ ਟੂ ਪੰਜਾਬੀਅਤ ਕੁਲਜੀਤ ਜਨਜੁਆ: 416-473-7283






**Life is complicated. Insurance doesn't have to be.**

Switch to State Farm® and receive even further savings when you combine home and auto.



We'll find the best policies to fit your life and advise you of opportunities for potential savings.

***Better things are just around the corner.***
CONTACT ME TODAY.

**Amandeep Bajwa Ins Agcy Inc**
Amandeep Bajwa, Agent
2260 Bovaird Drive E
Brampton, ON L6R 3J5
Bus: 905-460-5000

State Farm® IS BECOMING Desjardins Insurance

***Desjardins Insurance refers to Certas Home and Auto Insurance Company, underwriter of automobile and property insurance or Desjardins Financial Security Life Assurance Company, underwriter of life insurance products.***
Desjardins Insurance and related trademarks are trademarks of the Fédération des caisses Desjardins du Québec, used under licence.

***State Farm branded policies are underwritten by Certas Home and Auto Insurance Company.***
® State Farm and related trademarks and logos are registered trademarks owned by State Farm Mutual Automobile Insurance Company, used under licence by Certas Home and Auto Insurance Company and certain of its affiliates.

1810928CN

